United Utilities
helping life flow smoothly

# ਪਾਣੀ ਦਾ ਮੀਟਰ ਲਾਉਣ ਸਬਧੀ ਪਕ



## ਕੀ ਤੁਹਾਡੇ ਲਈ ਪਾਣੀ ਦਾ ਮੀਟਰ ਵਧੀਆ ਹੋ ਸਕਦਾ ਹੈ?

ਕੀ ਤੁਹਾਡੇ ਲਈ ਪਾਣੀ ਦਾ ਮੀਟਰ ਵਧੀਆ ਹੋ ਸਕਦਾ ਹੈ?
ਕੀ ਤੁਹਾਡੇ ਲਈ ਪਾਣੀ ਦਾ ਮੀਟਰ ਵਧੀਆ ਹੋ ਸਕਦਾ ਹੈ?



## ਕੀ ਤੁਸੀਂ ਆਪਣੇ ਪਾਣੀ ਦੀਆਂ ਸੇਵਾਵਾਂ ਲਈ ਬਹੁਤ ਜ਼ਿਆਦਾ ਭੁਗਤਾਨ ਕਰ ਰਹੇ ਹੋ?

# ਜ਼ਿੰਦਗੀ ਵਿਚ ਬੁਨਿਆਦੀ ਜ਼ਰੂਰਤਾਂ ਲਈ ਲੋੜੀਂਦੇ ਨਾਲੋਂ ਵੱਧ ਭੁਗਤਾਨ ਕੋਈ ਵੀ ਨਹੀਂ ਕਰਨਾ ਚਾਹੁੰਦਾ।

ਪਾਣੀ ਦੇ ਮੀਟਰ ਨਾਲ, ਨਿਰਧਾਰਤ ਬਿੱਲ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਤੁਹਾਡੀਆਂ ਲਾਗਤਾਂ ਤੁਹਾਡੇ ਵਲੋਂ ਵਰਤੇ ਗਏ ਪਾਣੀ ਦੇ ਹਿਸਾਬ ਨਾਲ ਹੁੰਦੀਆਂ ਹਨ - ਇਸ ਲਈ ਪਾਣੀ ਦਾ ਤੁਸੀਂ ਜਿੰਨਾ ਸਰਫਾ ਕਰਦੇ ਹੋ, ਓਨਾ ਵੱਧ ਪੈਸਾ ਤੁਸੀਂ ਬਚਾਉਂਦੇ ਹੋ।



# ਆਪਣ ਮੀਟਰ ਬਾਰ ਜਾਣ

## ਤੁਹਾਡੇ ਵਲੋਂ ਮੀਟਰ ਲਈ ਅਰਜ਼ੀ ਦਿੰਦਿਆਂ ਹੀ, ਅਸੀਂ ਇਸਨੂੰ ਤਿੰਨ ਮਹੀਨਿਆਂ ਦੇ ਅੰਦਰ ਲਾ ਦਿਆਂਗੇ - ਪਹਿਲਾ ਵੀ ਹੋ ਸਕਦਾ ਹੈ, ਜੇ ਅਸੀਂ ਕਰ ਸਕੇ।

ਅਸੀਂ ਫ਼ੈਸਲਾ ਕਰਾਂਗੇ ਕਿ ਇਸਦੇ ਲਾਉਣ ਲਈ ਵਧੀਆ ਥਾਂ ਕਿਹੜੀ ਹੈ। ਸਾਡੀ ਤਰਜੀਹ ਹਮੇਸ਼ਾ ਮੀਟਰ ਤੁਹਾਡੇ ਘਰ ਦੇ ਅੰਦਰ ਲਾਉਣ ਦੀ ਹੁੰਦੀ ਹੈ – ਪਰ ਇਹਨੀਂ ਦਿਨੀਂ ਅਸੀਂ ਰੀਮੋਟ ਤਕਨਾਲੋਜੀ ਦੀ ਵਰਤੋਂ ਕਰਦੇ ਹਾਂ ਅਤੇ ਸਾਨੂੰ ਤੁਹਾਡੇ ਘਰ ਦੇ ਅੰਦਰ ਆਉਣ ਅਤੇ ਮੀਟਰ ਦੀ ਰੀਡਿੰਗ ਲੈਣ ਲਈ ਤੁਹਾਨੂੰ ਪਰੇਸ਼ਾਨ ਨਹੀਂ ਕਰਨਾ ਪੈਣਾ। ਮੀਟਰ ਅੰਦਰ ਹੋਣ ਲੱਗੇ ਹੋਣ ਬਾਰੇ ਚੰਗੀ ਗੱਲ ਇਹ ਹੈ ਕਿ ਆਪਣੇ ਆਪ ਰੀਡਿੰਗ ਲੈਣਾ ਤੁਹਾਡੇ ਲਈ ਅਸਾਨ ਹੈ, ਇਸ ਤਰ੍ਹਾਂ ਤੁਸੀਂ ਆਪਣੇ ਪਾਣੀ ਦੀ ਵਰਤੋਂ ਤੇ ਨਜ਼ਰ ਰਖ ਸਕਦੇ ਹੋ।

ਕਈ ਵਾਰੀ, ਤੁਹਾਡੇ ਮੀਟਰ ਨੂੰ ਇਸਦੀ ਸੁਰਖਿਅਤ ਥਾਂ ਵਿਚ ਲਾਉਣ ਲਈ ਸਾਨੂੰ ਛੋਟਾ-ਮੋਟਾ ਕੰਮ ਕਰਨ ਦੀ ਲੋੜ ਪੈ ਸਕਦੀ ਹੈ। ਫ਼ਿਕਰ ਕਰਨ ਦੀ ਲੋੜ ਨਹੀਂ, ਇਸ ਕਿਸਮ ਦਾ ਕੰਮ ਕਰਨ ਤੋਂ ਪਹਿਲਾਂ ਅਸੀਂ ਹਮੇਸ਼ਾ ਤੁਹਾਡੇ ਨਾਲ ਗੱਲ ਕਰਾਂਗੇ।

ਜੇ ਕਿਸੇ ਵੀ ਕਾਰਣ ਕਰਕੇ, ਅਸੀਂ ਤੁਹਾਡੇ ਘਰ ਦੇ ਅੰਦਰ ਮੀਟਰ ਨਹੀਂ ਲਾ ਸਕਦੇ, ਤਾਂ ਅਸੀਂ ਵੇਖਾਂਗੇ, ਜੇ ਇਸਨੂੰ ਫੁਟਪਾਥ ਵਿਚ ਲਾਉਣਾ ਸੰਭਵ ਹੋਇਆ। ਇਸ ਗੱਲ ਦੱਸਣੀ ਅਹਿਮ ਹੈ ਕਿ ਅਸੀਂ ਤੁਹਾਡੇ ਘਰ ਦੇ ਅੰਦਰ ਮੀਟਰ ਲਾ ਸਕਦੇ ਹਾਂ, ਪਰ ਜੇ ਤੁਸੀਂ ਇਸਨੂੰ ਆਪਣੇ ਘਰ ਦੇ ਬਾਹਰ ਲੁਆਉਣ ਲਈ ਬਜ਼ਿਦ ਹੋ, ਤਾਂ ਅਸੀਂ ਇਸ ਕੰਮ ਲਈ ਲਾਗਤ ਲਵਾਂਗੇ (ਆਮ ਤੌਰ ਤੇ ਲਗਭਗ £130, ਨਾਲੇ VAT)। ਹੋਰ ਸਾਰੇ ਮਾਮਲਿਆਂ ਵਿਚ ਅਸੀਂ ਆਪਣੇ ਮੀਟਰ ਮੁਫ਼ਤ ਲਾਉਂਦੇ ਹਾਂ।

**ਮੀਟਰ ਡਿਫ਼ੀਟਰ**

ਕਦੀ ਕਦਾਈਂ, ਪਾਣੀ ਦਾ ਮੀਟਰ ਲਾਉਣਾ ਬਿਲਕੁਲ ਵੀ ਸੰਭਵ ਨਹੀਂ ਹੁੰਦਾ। ਉਦਾਹਰਣ ਲਈ, ਜੇ ਤੁਹਾਡੇ ਪਾਣੀ ਦੀ ਸਪਲਾਈ ਹੋਰਨਾਂ ਸੰਪਤੀਆਂ ਨਾਲ ਸਾਂਝਾ ਕਰਦੇ ਹੋ, ਤੁਹਾਡੀ ਸੰਪਤੀ ਲਈ ਤੁਹਾਡੀਆਂ ਇੱਕ ਨਾਲੋਂ ਵੱਧ ਪਾਣੀ ਦੀਆਂ ਸਪਲਾਈਆਂ ਹਨ ਜਾਂ ਤੁਹਾਡਾ ਪਾਣੀ ਦੇ ਪਾਈਪ ਦਾ ਕੰਮ ਨਹੀਂ ਹੋ ਸਕਦਾ, ਤਾਂ ਸਾਡੇ ਮਾਹਿਰ ਫ਼ਿਟਰਾਂ ਲਈ ਕੁਝ ਵੀ ਕਰਨਾ ਸੰਭਵ ਨਹੀਂ ਹੈ ਅਤੇ ਉਹ ਮਾਫ਼ੀ ਮੰਗਦਿਆਂ 'ਨਾਂਹ' ਕਹਿਣਗੇ।

ਜੇ ਇੰਜ ਹੁੰਦਾ ਹੈ, ਤਾਂ ਕੁਝ ਵੀ ਨੁਕਸਾਨ ਨਹੀਂ ਹੋਇਆ। ਫਿਰ ਤੁਹਾਡੇ ਕੋਲ ਅੰਦਾਜ਼ਾ ਲਾਈਆਂ ਗਈਆਂ ਲਾਗਤਾਂ ਦੇ ਅਧਾਰ ਤੇ ਆਪਣੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਦਾ ਵਿਕਲਪ ਹੋਏਗਾ (ਜੋ ਤੁਹਾਡੀ ਸੰਪਤੀ ਦੀ ਕਿਸਮ ਜਾਂ ਤੁਸੀਂ ਇਕੱਲੇ ਰਹਿੰਦੇ ਹੋ ਦੇ ਅਧਾਰ ਤੇ ਨਿਰਧਾਰਤ ਸਲਾਨਾ ਲਾਗਤ ਹੈ)। ਜੇ ਇਹ ਤੁਹਾਡੇ ਤੇ ਲਾਗੂ ਹੁੰਦਾ ਹੈ, ਤਾਂ ਅਸੀਂ ਤੁਹਾਨੂੰ ਸਾਰੀ ਲੋੜੀਂਦੀ ਜਾਣਕਾਰੀ ਦਿਆਂਗੇ।

## ਸਾਡਾ ਆੱਨਲਾਈਨ 'ਸਪਲੈਸ਼ ਦਿ ਕੈਸ਼' ਚੈਲੇਂਜ ਲਓ!

**ਸਾਡੀ ਵੈਬਸਾਈਟ ਤੇ ਜਾਓ ਅਤੇ ਸਾਡੇ ਫ਼ੌਰੀ ਆੱਨਲਾਈਨ ਕੈਲਕੁਲੇਟਰ ਦੀ ਵਰਤੋਂ ਕਰੋ। ਇਹ ਪਾਣੀ ਦੇ ਮੀਟਰ ਨਾਲ ਤੁਹਾਡੀਆਂ ਸੰਭਵ ਸਲਾਨਾ ਬੱਚਤਾਂ ਦਾ ਅੰਦਾਜ਼ਾ ਲਾਏਗਾ। ਇਸਨੂੰ ਪੂਰਾ ਕਰਨ ਵਿਚ ਕੁਝ ਮਿੰਟ ਹੀ ਲੱਗਦੇ ਹਨ, ਅਤੇ ਤੁਸੀਂ ਹੈਰਾਨ ਹੋ ਸਕਦੇ ਹੋ ਕਿ ਤੁਸੀਂ ਕਿੰਨਾ ਪੈਸਾ ਬਚਾ ਸਕਦੇ ਹੋ।**

**unitedutilities.com/meters**



# ਪਰਿਵਾਰ ਦੀ ਖ਼ੁਸ਼ਹਾਲੀ

## ਜੇ ਤੁਹਾਡਾ ਛੋਟਾ ਪਰਿਵਾਰ ਹੈ, ਇਕੱਲੇ ਰਹਿੰਦੇ ਹੋ ਜਾਂ ਜੋੜੀ ਹੋ, ਤਾਂ ਪਾਣੀ ਦਾ ਮੀਟਰ ਚੰਗਾ ਜੇਤੂ ਸਿੱਧ ਹੋਏਗਾ।

ਤੁਹਾਡਾ ਭਾਵੇਂ ਵੱਡਾ ਪਰਿਵਾਰ ਹੈ, ਤਾਂ ਵੀ ਇਹ ਵੇਖਣ ਵਿਚ ਫ਼ਾਇਦਾ ਹੈ ਕਿ ਕੀ ਤੁਹਾਨੂੰ ਪਾਣੀ ਦੇ ਮੀਟਰ ਨਾਲ ਲਾਭ ਹੋ ਸਕਦਾ ਹੈ - ਵਿਸ਼ੇਸ਼ ਤੌਰ ਤੇ ਜੇ ਤੁਹਾਡਾ ਮੌਜੂਦਾ ਨਿਰਧਾਰਤ ਬਿੱਲ, ਤੁਹਾਡੇ ਘਰ ਦੇ ਵੱਧ ਦਰ ਵਾਲੇ ਮੁੱਲ ਕਾਰਣ ਜ਼ਿਆਦਾ ਹੁੰਦਾ ਹੈ।

ਇਹਨਾਂ ਘਰਾਂ ਤੇ ਇੱਕ ਨਜ਼ਰ ਮਾਰੋ। ਘਰ ਦੇ ਸਭ ਤੋਂ ਨੇੜੇ ਕਿਹੜਾ ਹੈ?

## ਕਟੀ

31 ਸਾਲ ਦੀ ਕੇਟੀ ਹਾਲ ਵਿਚ ਹੀ ਆਪਣੇ ਪਹਿਲੇ ਘਰ ਵਿਚ ਰਹਿਣ ਲਈ ਆਈ ਹੈ। ਉਹ ਇਕੱਲੀ ਰਹਿੰਦੀ ਹੈ, ਹਾਲਾਂਕਿ ਉਸਦਾ ਟੈਰੇਸ ਸੜਕ ਤੇ ਕਿਤੇ ਵਧੇਰੇ ਜਾਨਦਾਰ ਹੈ, ਇਸਦਾ ਸਿਹਰਾ ਪਾਰਟੀ ਨੂੰ ਪਿਆਰ ਕਰਨ ਵੇਲੇ ਸਾਥੀਆਂ ਦੇ ਸਿਰ ਬੱਝਦਾ ਹੈ। ਉਹ ਸ਼ਾਵਰ ਲੈਂਦੀ ਹੈ, ਨਹਾਉਂਦੀ ਨਹੀਂ (ਸਮਾਂ ਨਹੀਂ!) ਅਤੇ ਬਗ਼ੀਚਾ ਨਹੀਂ ਹੈ - ਬਸ਼ਰਤੇ ਕਿ ਤੁਸੀਂ ਬਾਰੀ ਵਿਚ ਰੱਖੇ ਮੁਰਝਾਏ ਪੌਦੇ ਵਾਲੇ ਬਕਸੇ ਨੂੰ ਗਿਣੋ! ਇਸ ਸਾਲ ਉਸਦਾ ਨਿਰਧਾਰਤ ਪਾਣੀ ਦਾ ਬਿੱਲ £420 ਹੈ।

ਪਾਣੀ ਦ ਮੀਟਰ ਨਾਲ ਬੱਚਤ ਦੀ ਸਭਾਵਨਾ? ਹਾਂ

ਲਗਭਗ ਸਭਵ ਬੱਚਤਾਂ:

**£136 ਸਲਾਨਾ**



## ਕਥਰੀਨ ਅਤ ਬਰਾਇਨ

ਰਿਟਾਇਰ ਜੋੜੀ ਕੈਥਰੀਨ ਅਤੇ ਬਰਾਇਨ ਆਪਣੇ ਹਰੇ ਭਰੇ ਬੰਗਲੇ ਵਿਚ 11 ਸਾਲ ਤੋਂ ਰਹਿ ਰਹੇ ਹਨ। ਉਹਨਾਂ ਦੇ ਬੱਚੇ ਉਹਨਾਂ ਨੂੰ ਪਹਿਲਾਂ ਹੀ ਛੱਡਕੇ ਜਾ ਚੁੱਕੇ ਹਨ, ਪਰ ਉਹਨਾਂ ਦੇ ਤਿੰਨ ਪੋਤਰੇ-ਪੋਤਰੀਆਂ, ਘੁੰਮਣ-ਫਿਰਨ ਅਤੇ ਬਾਗ਼ ਨੂੰ ਐਨ ਵਧੀਆ ਰੱਖਣ ਦਾ ਸ਼ੌਕ, ਉਹਨਾਂ ਨੂੰ ਰੁਝੇਵਾਂ ਲਾਈ ਰੱਖਦਾ ਹੈ। ਉਹ ਆਪਣੇ ਫੁੱਲਾਂ ਨੂੰ ਖਿੜਿਆਂ ਰਖਣ ਲਈ ਪੀਪੇ ਵਿਚ ਇਕੱਠੇ ਕੀਤੇ ਹੋਏ ਮੀਂਹ ਦੇ ਪਾਣੀ ਦੀ ਵਰਤੋਂ ਕਰਦੇ ਹਨ, ਕਿਉਂਕਿ ਉਹਨਾਂ ਨੂੰ ਹਰਿਆਵਲ ਦੇ ਨਾਲ-ਨਾਲ ਪੈਸੇ ਦੀ ਬਚਤ ਪਸੰਦ ਹੈ। ਇਸ ਸਾਲ ਉਹਨਾਂ ਦਾ ਨਿਰਧਾਰਤ ਪਾਣੀ ਦਾ ਬਿੱਲ £680 ਹੈ।

ਪਾਣੀ ਦ ਮੀਟਰ ਨਾਲ ਬੱਚਤ ਦੀ ਸਭਾਵਨਾ? ਹਾਂ

ਲਗਭਗ ਸਭਵ ਬੱਚਤਾਂ:

**£282 ਸਲਾਨਾ**



## ਦਿ ਵਗਸ

ਸਟੀਵ ਅਤੇ ਲੀ ਵੈਂਗ ਨੂੰ ਆਪਣੀ ਕੁੜੀ ਤੇ ਬਹੁਤ ਮਾਣ ਹੈ। ਇਸ ਵੇਲੇ ਉਹਨਾਂ ਨੂੰ ਪੋਤੜਿਆਂ, ਰਾਤ ਨੂੰ ਦੁੱਧ ਪਿਆਉਣ ਅਤੇ ਲੋਰੀਆਂ ਸੁਣਾਉਣ ਤੋਂ ਹੀ ਵਿਹਲ ਨਹੀਂ ਹੈ, ਇਸ ਲਈ ਉਹਨਾਂ ਕੋਲ ਆਪਣੇ ਉਪਯੋਗਤਾ ਬਿੱਲਾਂ ਜਾਂ ਪਾਣੀ ਬਚਾਉਣ ਬਾਰੇ ਸੋਚਣ ਲਈ ਸਮਾਂ ਹੀ ਨਹੀਂ ਹੈ। ਸਮਾਂ ਬੀਤਣ ਤੇ ਤਬਦੀਲੀ ਆਉਣਾ ਪੱਕਾ ਹੈ, ਵਿਸ਼ੇਸ਼ ਤੌਰ ਤੇ ਛਿਮਾਹੀ ਦੇ ਉਹਨਾਂ ਦੇ ਉਪਰਲੇ ਖ਼ਰਚੇ ਵੱਧ ਹਨ। ਇਸ ਸਾਲ ਦਾ ਉਹਨਾਂ ਦਾ ਨਿਰਧਾਰਤ ਪਾਣੀ ਦਾ ਬਿੱਲ £575 ਹੈ।



ਪਾਣੀ ਦ ਮੀਟਰ ਨਾਲ ਬੱਚਤ ਦੀ ਸਭਾਵਨਾ: **ਛੋਟੀਆਂ ਸੰਭਵ ਬੱਚਤਾਂ**

ਲਗਭਗ ਸਭਵ ਬੱਚਤਾਂ:

**£63 ਸਲਾਨਾ**

## ਦਿ ਹਡਰਸਨਸ

ਦਿ ਹੈਂਡਰਸੰਨਸ ਕਿਸੇ ਨਾ ਕਿਸੇ ਕੰਮ ਵਿਚ ਲੱਗਿਆ ਚਾਰ ਬੰਦਿਆਂ (ਜੇ ਤੁਸੀਂ ਜੋਜੋ ਕੁੱਤੇ ਨੂੰ ਸ਼ਾਮਿਲ ਕਰ ਲਓ) ਦਾ ਪਰਿਵਾਰ ਹੈ। ਜਦੋਂ ਉਹ ਸਾਰੇ ਲੇਕ ਡਿਸਟ੍ਰਿਕਟ ਵਿਚ ਇਕੱਠੇ ਪਹਾੜਾਂ ਤੇ ਬਾਈਕਿੰਗ ਨਹੀਂ ਕਰ ਰਹੇ ਹੁੰਦੇ ਹਨ, ਮੰਮੀ ਅਤੇ ਡੈਡੀ ਪੱਤਣ ਵਾਲੀ ਬੇੜੀ ਚਲਾ ਰਹੇ ਹੁੰਦੇ ਹਨ, ਪੁੱਤਰ ਮੈਕਸ ਅਤੇ ਧੀ ਐਲਿਸ ਫੁਟਬਾੱਲ ਦੀ ਪ੍ਰੈਕਟਿਸ ਅਤੇ ਡਾਂਸ ਦੀਆਂ ਕਲਾਸਾਂ ਵਿਚ ਲੱਗੇ ਹੁੰਦੇ ਹਨ। ਇਹ ਗੱਲ ਕਹਿਣੀ ਬੇਲੋੜੀ ਹੈ, ਉਹਨਾਂ ਦੇ ਘਰ ਵਿਚ ਕਪੜੇ ਧੋਣ ਵਾਲੀ ਮਸ਼ੀਨ ਅਤੇ ਡਿਸ਼ਵਾਸ਼ਰ ਕਦੀ ਨਹੀਂ ਰੁਕਦੀ। ਇਸ ਸਾਲ ਉਹਨਾਂ ਦਾ ਨਿਰਧਾਰਤ ਪਾਣੀ ਦਾ ਬਿੱਲ £625 ਹੈ।

ਪਾਣੀ ਦ ਮੀਟਰ ਨਾਲ ਬੱਚਤ ਦੀ ਸਭਾਵਨਾ: **ਸੰਭਾਵਨਾ ਨਹੀਂ**

**ਮਾਫ਼ ਕਰਨਾ!**



# ਤੁਹਾਡਾ ਬਿੱਲ

## ਤੁਹਾਡਾ ਮੀਟਰ ਲੱਗਣ ਦੇ ਛੇ ਮਹੀਨਿਆਂ ਦੇ ਅੰਦਰ ਅੰਦਰ ਤੁਸੀਂ ਆਪਣੇ ਡਾਕ-ਬਕਸੇ ਰਾਹੀਂ ਆਪਣਾ ਪਹਿਲਾ ਨਵਾਂ ਬਿੱਲ ਮਿਲਣ ਦੀ ਉਮੀਦ ਕਰ ਸਕਦੇ ਹੋ।

ਤੁਹਾਡਾ ਬਿੱਲ ਮੀਟਰ ਦੀ ਰੀਡਿੰਗ ਨੂੰ ਦਰਸਾਉਂਦਾ ਹੈ, ਜਿਸ ਨੂੰ ਤੁਹਾਡੀਆਂ ਲਾਗਤਾਂ ਦਾ ਹਿਸਾਬ ਕਰਨ ਲਈ ਵਰਤਿਆ ਜਾਂਦਾ ਹੈ। ਜੇ ਕਿਸੇ ਕਾਰਣ ਕਰਕੇ ਅਸੀਂ ਤੁਹਾਡੇ ਮੀਟਰ ਦੀ ਰੀਡਿੰਗ ਨਹੀਂ ਲੈ ਸਕੇ, ਤਾਂ ਅਸੀਂ ਇੱਕ ਕਾਰਡ ਛੱਡਾਂਗੇ, ਜਿਸ ਵਿਚ ਦੱਸਿਆ ਹੋਏਗਾ ਕਿ ਕੀ ਕਰੋ। ਤੁਸੀਂ **0800 616 448** ਤੇ ਆਪਣੀ ਰੀਡਿੰਗ ਨਾਲ ਸਾਨੂੰ ਕਾੱਲ ਕਰ ਸਕਦੇ ਹੋ ਜਾਂ ਤੁਸੀਂ ਆਪਣੀ ਰੀਡਿੰਗ ਸਾਡੀ ਵੈਬਸਾਈਟ ਤੇ ਦਰਜ ਕਰ ਸਕਦੇ ਹੋ। ਤੁਹਾਡੇ ਵਲੋਂ ਜਾਂ ਮੀਟਰ ਦੀ ਰੀਡਿੰਗ ਕਰਨ ਵਾਲੇ ਸਾਡੇ ਲੋਕਾਂ ਵਿਚੋਂ ਇੱਕ ਵਲੋਂ ਲਈ ਗਈ ਅਸਲ ਰੀਡਿੰਗ ਨਾਲ ਇਹ ਗੱਲ ਯਕੀਨੀ ਬਣੇਗੀ ਕਿ ਤੁਹਾਨੂੰ ਹੋਰ ਸਟੀਕ ਬਿੱਲ ਮਿਲੇ।

ਜੇ ਤੁਸੀਂ ਆਪਣੇ ਪੁਰਾਣੇ ਖਾਤੇ ਤੋਂ ਸਾਡੇ ਤੋਂ ਕੋਈ ਪੈਸਾ ਲੈਣਾ ਹੈ, ਤਾਂ ਅਸੀਂ ਇਸਨੂੰ ਤੁਹਾਡੇ ਮੀਟਰ ਵਾਲੇ ਪਹਿਲੇ ਬਿੱਲ ਤੋਂ ਘਟਾ ਦਿਆਂਗੇ। ਅਤੇ ਜੇ ਤੁਸੀਂ ਸਾਨੂੰ ਕੁਝ ਦੇਣਾ ਹੈ, ਤਾਂ ਅਸੀਂ ਤੁਹਾਨੂੰ ਇੱਕ ਨਿਪਟਾਇਆ ਹੋਇਆ ਬਿੱਲ ਭੇਜਾਂਗੇ। ਇਹ ਸਭ ਕੁਝ ਆਪਣੇ ਆਪ ਹੋ ਜਾਏਗਾ।

ਤੁਸੀਂ ਉਸੇ ਤਰੀਕੇ ਨਾਲ ਭੁਗਤਾਨ ਕਰਨਾ ਜਾਰੀ ਰਖ ਸਕਦੇ ਹੋ, ਜੋ ਤੁਹਾਨੂੰ ਸਭ ਤੋਂ ਵਧੀਆ ਲੱਗਦਾ ਹੈ, ਜਿਸ ਵਿਚ ਡਾਇਰੈਕਟ ਡੈਬਿਟ, ਆਪਣੇ ਬੈਂਕ ਨੂੰ ਦਿੱਤੀ ਪੱਕੀ ਹਿਦਾਇਤ ਜਾਂ ਡਾਕ ਰਾਹੀਂ ਭੇਜਣਾ ਸ਼ਾਮਿਲ ਹੋ ਸਕਦਾ ਹੈ। ਅਤੇ ਜੇ ਤੁਸੀਂ ਸਾਡੀ ਮਾਈ ਅਕਾਉਂਡ ਸਰਵਿਸ ਲਈ ਸਾਈਨ ਕਰਦੇ ਹੋ, ਤਾਂ ਇਹ ਬਹੁਤ ਹੀ ਅਸਾਨ ਹੈ (ਪੂਰੇ ਵੇਰਵਿਆਂ ਲਈ **unitedutilities.com/myaccount** ਤੇ ਜਾਓ)।



# ਪੁਰਾਣੇ ਸਿਲਸਿਲੇ ਤੇ ਵਾਪਸ ਆਉਣਾ

## ਇੱਕ ਵਾਰੀ ਪਾਣੀ ਦਾ ਮੀਟਰ ਲੁਆਉਣ ਤੋਂ ਬਾਅਦ ਸਾਡੇ ਗਾਹਕਾਂ ਵਿਚੋਂ ਜ਼ਿਆਦਾਤਰ ਪਿਛਾਂਹ ਮੁੜਕੇ ਨਹੀਂ ਵੇਖਦੇ। ਅਪ੍ਰੈਲ 2000 ਤੋਂ ਸਾਡੇ ਪੰਜ ਲੱਖ ਗਾਹਕਾਂ ਨੇ ਮੁਫ਼ਤ ਮੀਟਰ ਲੁਆਏ ਸਨ।

ਪਰ, ਜੇ ਤੁਹਾਨੂੰ ਲੱਗਦਾ ਹੈ ਕਿ ਜਿੰਨੀ ਤੁਸੀਂ ਉਮੀਦ ਕੀਤੀ ਸੀ, ਤੁਹਾਨੂੰ ਓਨੀਆਂ ਬੱਚਤਾਂ ਨਹੀਂ ਹੁੰਦੀਆਂ, ਤਾਂ ਤੁਸੀਂ ਆਪਣੇ ਪੁਰਾਣੇ ਨਿਰਧਾਰਤ ਬਿੱਲ ਵਾਲੇ ਤਰੀਕੇ ਤੇ ਵਾਪਸ ਆ ਸਕਦੇ ਹੋ, ਇੰਜ ਤੁਸੀਂ ਆਪਣਾ ਮੀਟਰ ਲੱਗਣ ਦੇ 13 ਮਹੀਨਿਆਂ ਦੇ ਅੰਦਰ ਅੰਦਰ ਸਾਨੂੰ ਦੱਸ ਸਕਦੇ ਹੋ।

ਇਹਨਾਂ ਹਾਲਤਾਂ ਵਿਚ, ਅਸੀਂ ਮੀਟਰ ਨਹੀਂ ਹਟਾਉਂਦੇ। ਇਹ ਬਿਨਾ ਕਿਸੇ ਕੰਮ ਦੇ, ਸਿਰਫ਼ ਉਥੇ ਪਿਆ ਰਹੇਗਾ। ਜੇ ਤੁਸੀਂ ਕਦੀ ਘਰ ਬਦਲਦੇ ਹੋ, ਤਾਂ ਰਹਿਣ ਆਉਣ ਵਾਲੇ ਨਵੇਂ ਲੋਕਾਂ ਨੂੰ ਮੀਟਰ ਵਾਲਾ ਬਿੱਲ ਚਾਹੀਦਾ ਹੋਵੇਗਾ, ਜਿਸ ਨਾਲ ਕਿ ਤੁਹਾਡੇ ਅਣਗੌਲੇ ਪਏ ਮੀਟਰ ਨੂੰ ਨਵੀਂ ਜ਼ਿੰਦਗੀ ਮਿਲ ਜਾਏਗੀ।




ਮਾਣੋ ਤੁਸੀਂ ਪੈਸਾ ਬਚਾ ਸਕਦੇ ਹੋ...

### ਕੁਝ ਕੁਝ ਸੁਝਵਾਨ

*ਤੁਹਾਡਾ ਮੀਟਰ ਚਾਹ ਨਹੀਂ ਬਣਾ ਸਕਦਾ ਜਾਂ ਤੁਹਾਡੇ ਮਨਪਸੰਦ ਟੀਵੀ ਪ੍ਰੋਗਰਾਮ ਦੀ ਲੜੀ ਨੂੰ ਜੋੜ ਨਹੀਂ ਸਕਦਾ, ਪਰ ਇਹ ਸਟੀਕ ਮੀਟਰ ਰੀਡਿੰਗ ਲੈਕੇ ਤੁਹਾਨੂੰ ਪਰੇਸ਼ਾਨ ਕੀਤੇ ਬਿਨਾ ਸਾਨੂੰ ਆਪਣੇ ਆਪ ਮੀਟਰ ਰੀਡਿੰਗ ਭੇਜ ਸਕਦਾ ਹੈ (ਹਾਲਾਂਕਿ ਸਾਨੂੰ ਭਵਿੱਖ ਵਿਚ ਕਿਸੇ ਵੇਲੇ ਇਸ ਨੂੰ ਠੀਕ ਕਰਨ ਜਾਂ ਬਦਲਣ ਲਈ ਸਾਨੂੰ ਇਸ ਤੱਕ ਪਹੁੰਚ ਕਰਨੀ ਪੈ ਸਕਦੀ ਹੈ)।*

*ਸਾਡੇ ਵਲੋਂ ਲਾਏ ਗਏ ਸਾਰੇ ਮੀਟਰਾਂ ਤੋਂ ਅਸੀਂ ਦੂਰ ਬੈਠਿਆਂ ਹੀ ਰੀਡਿੰਗ ਲੈ ਲੈਂਦੇ ਹਾਂ। ਅਤੇ ਯਾਦ ਰਖੋ, ਆਪਣੇ ਪਾਣੀ ਦੀ ਵਰਤੋਂ ਤੇ ਨਜ਼ਰ ਰਖਣ ਲਈ ਤੁਸੀਂ ਆਪਣੇ ਆਪ ਵੀ ਮੀਟਰ ਰੀਡਿੰਗ ਲੈ ਸਕਦੇ ਹੋ।*

# ਕਝ ਛਿਣ ਉਡੀਕ... ਕੀ ਤਹਾਨ ਪਤਾ ਹ?

## ਘਰ ਵਿਚ ਸਾਡ ਵਲ ਵਰਤਿਆ ਜਾਣ ਵਾਲਾ ਜ਼ਿਆਦਾਤਰ ਪਾਣੀ

ਗੈਸ ਜਾਂ ਬਿਜਲੀ ਨਾਲ ਗਰਮ ਕੀਤਾ ਜਾਂਦਾ ਹੈ (ਜਿਵੇਂ ਨਹਾਉਣਾ, ਸ਼ਾਵਰ ਅਤੇ ਧੋਆ-ਧੁਆਈ)। ਇਸ ਲਈ ਪਾਣੀ ਦੀ ਵਰਤੋਂ ਵਿਚ ਤੁਹਾਡੇ ਵਲੋਂ ਕੀਤਾ ਗਿਆ ਕੋਈ ਵੀ ਸਰਫ਼ਾ ਕਰਨ ਨਾਲ ਤੁਹਾਡਾ ਬਿਜਲੀ ਦਾ ਬਿੱਲ ਵੀ ਘਟਣਾ ਚਾਹੀਦਾ ਹੈ। ਕੌਣ ਕਹਿੰਦਾ ਹੈ ਕਿ ਪਾਣੀ ਅਤੇ ਬਿਜਲੀ ਨਹੀਂ ਮਿਲਦੇ?

## ਆਪਣ ਰਜ਼ ਦ ਕਮਕਾਜ ਵਿਚ ਮਾਮਲੀ ਜਿਹੀਆ ਤਬਦੀਲੀਆ ਕਰਨ ਨਾਲ

ਮੀਟਰ ਵਾਲੇ ਤੁਹਾਡੇ ਬਿੱਲ ਨੂੰ ਘੱਟ ਕਰਨ ਵਿਚ ਵਾਕਈ ਮਦਦ ਮਿਲ ਸਕਦੀ ਹੈ। ਬਹੁਤ ਸਾਰੇ ਸੁਝਾਅ ਅਤੇ ਨੁਕਤਿਆਂ ਲਈ **unitedutilities.com/usewaterwisely** ਤੇ ਜਾਓ। ਸ਼ੁਰੂ ਕਰਨ ਵਾਸਤੇ ਤੁਹਾਡੀ ਮਦਦ ਕਰਨ ਲਈ, ਤੁਸੀਂ ਸਾਡੀ ਵੈਬਸਾਈਟ ਤੋਂ ਸਾਨੂੰ, ਮੁਫ਼ਤ ਸਮਾਨ ਲਈ ਆੱਰਡਰ ਵੀ ਕਰ ਸਕਦੇ ਹੋ!

# ਇਸਦੀ ਇੱਕ ਸਾਲ ਤੱਕ ਵਰਤ ਕਰ...
# ਜ ਤਹਾਨ ਸਪਦ ਨਹੀਂ ਆਉਂਦਾ, ਤਾਂ ਵਾਪਸ ਕਰ ਦਿਓ

ਜ ਤਹਾਡੀਆ ਆਪਣ ਪਾਣੀ ਦ ਮੀਟਰ ਤ ਬੱਚਤਾਂ ਨਹੀਂ ਹਦੀਆ, ਤਾਂ ਤਸੀਂ 13 ਮਹੀਨਿਆ ਦ ਅਦਰ ਅਦਰ ਆਪਣ ਪਰਾਣ ਨਿਰਧਾਰਤ ਬਿਜਲੀ ਦ ਬਿੱਲ ਤ ਵਾਪਸ ਆ ਸਕਦ ਹ।

## ਅਸੀਂ ਪਾਣੀ ਦਾ ਮੀਟਰ ਮਫ਼ਤ ਲਾ ਸਕਦ ਹਾਂ, ਅਤ ਇਸਨ ਲਆਉਣਾ ਇਸ ਤ ਅਸਾਨ ਨਹੀਂ ਹ ਸਕਦਾ।

**ਤੁਸੀਂ ਕਰ ਸਕਦੇ ਹੋ:**

**ਕਲਿੱਕ:** **unitedutilities.com/watermeteronlineform** ਤੇ ਆੱਨਲਾਈਨ ਅਰਜ਼ੀ ਦਿਓ

**ਕਾੱਲ:** ਸਾਨੂੰ **0845 746 1100** ਤੇ ਫੋਨ ਕਰੋ ਅਤੇ ਬਾਕੀ ਦਾ ਕੰਮ ਸਾਡੇ ਤੇ ਛੱਡ ਦਿਓ

**ਪੋਸਟ:** ਇਸ ਲੀਫ਼ਲੈਟ ਵਿਚ ਲੱਗਿਆ ਹੋਇਆ ਅਰਜ਼ੀ ਫ਼ਾਰਮ ਭਰੋ।

ਇਹ ਲੀਫ਼ਲੈਟ ਸਾਡੇ ਗਾਹਕਾਂ ਲਈ ਲਾਹੇਵੰਦ ਜਾਣਕਾਰੀ ਵਾਲੀਆਂ ਕਿਤਾਬਾਂ ਦੀ ਲੜੀ ਵਿਚੋਂ ਇੱਕ ਹੈ। ਹੋਰ, ਜਿਹਨਾਂ ਵਿਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ:

- **ਪਾਈਪਾਂ, ਨਾਲੀਆਂ ਅਤੇ ਸੀਵਰਾਂ ਸਬੰਧੀ ਅਸਾਨ ਗਾਈਡ**
- **ਆਪਣੇ ਘਰ ਦੇ ਪਾਣੀ ਦੇ ਮੀਟਰ ਦੀ ਜਾਂਚ ਕਰਨੀ**
- **ਤੁਹਾਡੇ ਪਾਣੀ ਦੇ ਬਿੱਲ ਦੇ ਭੁਗਤਾਨ ਸਬੰਧੀ ਗਾਈਡ**
- **ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ ਸਬੰਧੀ ਗਾਈਡ**
- **ਪਾਣੀ ਨੂੰ ਸਿਆਣਪ ਨਾਲ ਵਰਤਣ ਸਬੰਧੀ ਗਾਈਡ**
- **ਵਾਟਰਸ਼ਿਓਰ ਲਾਉਣ ਸਬੰਧੀ ਪੈਕ**
- **ਸਾਡਾ ਸ਼ਿਕਾਇਤਾਂ ਸਬੰਧੀ ਅਮਲ**
- **ਸੀਸੇ ਅਤੇ ਆਮ ਸਪਲਾਈ ਦੀਆਂ ਪਾਈਪਾਂ ਬਦਲਣਾ**
- **ਸੇਵਾ ਦੇ ਸਾਡੇ ਮਿਆਰ**

ਤੁਸੀਂ ਸਾਡੀ ਵੈਬਸਾਈਟ ਤੋਂ ਸਾਡੇ ਲੀਫ਼ਲੈਟਾਂ ਵਿਚੋਂ ਕੋਈ ਵੀ ਲੀਫ਼ਲੈਟ ਡਾਉਨਲੋਡ ਕਰ ਸਕਦੇ ਹੋ: **unitedutilities.com/leaflets**, ਜਾਂ ਇਸ ਪਤੇ ਤੇ ਲਿਖੋ: United Utilities (Dept LR), 1050 Europa Boulevard, Warrington WA55 1LR. ਇਸਤੋਂ ਇਲਾਵਾ, ਅਕਸਰ ਸਾਡੇ ਸਭ ਤੋਂ ਵੱਧ ਮੰਗੇ ਜਾਂਦੇ ਲੀਫ਼ਲੈਟਸ **0845 303 7711** ਤੇ ਸਾਡੀ 24 ਘੰਟੇ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਰਾਹੀਂ ਉਪਲਬਧ ਹਨ।

ਸਾਡੀਆਂ ਸਾਰੀਆਂ ਪੁਸਤਕਾਂ ਵੱਡੇ ਅੱਖਰਾਂ, ਬ੍ਰੇਲ ਅਤੇ ਆੱਡੀਓ CD ਜਾਂ ਕੈਸੇਟ ਵਿਚ ਉਪਲਬਧ ਹਨ। ਇਹਨਾਂ ਰੂਪਾਂ ਵਿਚੋਂ ਕਿਸੇ ਵੀ ਲੀਫ਼ਲੈਟ ਦਾ ਆੱਰਡਰ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** ਤੇ ਕਾੱਲ ਕਰੋ।

ਜੇ ਅੰਗ੍ਰੇਜ਼ੀ ਤੁਹਾਡੀ ਮਾਂ ਬੋਲੀ ਨਹੀਂ ਹੈ, ਸਾਡੀਆਂ ਸਾਰੀਆਂ ਮੁਖ ਕਿਤਾਬਚੀਆਂ ਸਾਡੀ ਵੈਬਸਾਈਟ **unitedutilities.com/translations** ਤੇ ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ ਵਿਚ ਵੀ ਉਪਲਬਧ ਹਨ।

ਗੱਲਾਂ ਵਿਚੋਂ ਗੱਲ - ਇਸ ਲੀਫ਼ਲੈਟ ਵਿਚਲੀ ਜਾਣਕਾਰੀ ਸਾਡੇ ਆੱਪ੍ਰੇਟਿੰਗ ਲਾਇਸੈਂਸ ਦੀਆਂ ਸ਼ਰਤਾਂ ਅਤੇ ਰੈਗੁਲੇਟਰ OFWAT ਵਲੋਂ ਦਿੱਤੀ ਗਈ ਪ੍ਰਵਾਨਗੀ ਦੀ ਪਾਲਣਾ ਕਰਦਿਆਂ ਗਾਹਕਾਂ ਨੂੰ ਉਪਲਬਧ ਕਰਾਈ ਗਈ ਹੈ।

## ਜ ਤਹਾਨ ਸਾਡ ਨਾਲ ਸਪਰਕ ਕਰਨ ਦੀ ਲੜ ਹ:

ਆਪਣੇ ਬਿੱਲ ਬਾਰੇ ਸਾਡੇ ਨਾਲ ਗੱਲ ਕਰਨ ਲਈ:

**0845 746 1100 ਜ ਤਹਾਡਾ ਪਾਣੀ ਦਾ ਮੀਟਰ ਨਹੀਂ ਲੱਗਿਆ ਹਇਆ**

**0845 746 2222 ਜ ਤਹਾਡਾ ਪਾਣੀ ਦਾ ਮੀਟਰ ਲੱਗਿਆ ਹਇਆ ਹ**

ਖਲਣ ਦਾ ਸਮਾਂ: ਸਵਰ 8 ਰਾਤੀਂ 8 ਵਜ, ਸਮਵਾਰ ਤ ਸ਼ੱਕਰਵਾਰ; ਸਵਰ 8 ਸ਼ਾਮੀਂ 5 ਵਜ ਸ਼ਨਿਚਰਵਾਰ।

ਆਪਣੇ ਪਾਣੀ ਅਤੇ ਗੰਦੇ ਪਾਣੀ ਦੀਆਂ ਸੇਵਾਵਾਂ ਬਾਰੇ ਸਾਡੇ ਨਾਲ ਗੱਲ ਕਰਨ ਲਈ:

**0845 746 2200**

ਖਲਣ ਦਾ ਸਮਾਂ: ਸਵਰ 8 ਰਾਤੀਂ 8 ਵਜ, ਸਮਵਾਰ ਤ ਸ਼ੱਕਰਵਾਰ;

ਸਵਰ 8 ਸ਼ਾਮੀਂ 6 ਵਜ ਸ਼ਨਿਚਰਵਾਰ; ਸਵਰ 8 ਦਪਹਿਰ 12 ਵਜ ਐਤਵਾਰ।

ਜ ਤਹਾਨ ਸਣਨ ਜਾਂ ਬਲਣ ਵਿਚ ਮਸ਼ਕਿਲਾਂ ਹਨ ਅਤ ਇੱਕ ਟਕਸਟਫਨ ਦੀ ਵਰਤ ਕਰਦ ਹ, ਤਾਂ ਕਿਰਪਾ ਕਰਕ **18001** ਡਾਇਲ ਕਰਨ ਤ ਬਾਅਦ ਲੜੀਂਦ ਨਬਰ ਨ ਮਿਲਾਓ।

ਤੁਸੀਂ ਸਾਨੂੰ ਇਸ ਪਤੇ ਤੇ ਲਿਖ ਸਕਦੇ ਹੋ:

**United Utilities, PO Box 459, Warrington WA55 1WB**

ਜਾਂ ਆੱਨਲਾਈਨ ਜਾਓ:

**unitedutilities.com**

## my account

ਤੁਸੀਂ ਆਪਣੇ ਪਾਣੀ ਦੇ ਮੀਟਰ ਦੇ ਖਾਤੇ ਦਾ ਆੱਨਲਾਈਨ ਪ੍ਰਬੰਧ ਕਰ ਸਕਦੇ ਹੋ। ਹੁਣ ਇਥੇ ਰਜਿਸਟਰ ਕਰੋ: **unitedutilities.com/myaccount**



United Utilities
helping life flow smoothly

United Utilities Water PLC,
Haweswater House, Lingley Mere Business Park, Lingley Green Avenue, Warrington WA5 3LP.
ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ। ਰਜਿਸਟਰਡ ਨੰਬਰ 2366678.

01/13/SD/4959a

# ਤਹਾਡ ਸਆਿਲਾਂ ਦ ਜਵਾਬ

United Utilities
helping life flow smoothly

## ਪਾਣੀ ਦਾ ਮੀਟਰ ਲਾਉਣਾ

### ਪਾਣੀ ਦਾ ਮੀਟਰ ਲੁਆਉਣ ਲਈ ਮੈਨੂੰ ਕਿਵੇਂ ਅਰਜ਼ੀ ਦੇਣੀ ਪੈਣੀ ਹੈ?

ਇਸ ਵੈਬਸਾਈਟ ਤੇ **unitedutilities.com/meters** ਆੱਨਲਾਈਨ ਅਰਜ਼ੀ ਦਿਓ ਜਾਂ ਨਾਲ ਨੱਥੀ ਅਰਜ਼ੀ ਫ਼ਾਰਮ ਭਰੋ। ਤੁਸੀਂ ਸਾਨੂੰ **0845 746 1100** ਤੇ ਕਾੱਲ ਕਰਕੇ ਵੀ ਅਰਜ਼ੀ ਦੇ ਸਕਦੇ ਹੋ।

### ਪਾਣੀ ਦਾ ਮੀਟਰ ਕਿਥੇ ਲਾਇਆ ਜਾਏਗਾ?

ਅਸੀਂ ਤੁਹਾਡੇ ਘਰ ਦੇ ਅੰਦਰ ਪਾਣੀ ਦਾ ਮੀਟਰ ਮੁਫ਼ਤ ਲਾਉਂਦੇ ਹਾਂ (ਪਾਣੀ ਦੀ ਸਪਲਾਈ ਦੀ ਪਾਈਪ ਤੇ, ਇਹ ਉਹ ਪਾਈਪ ਹੈ, ਜਿਸ ਰਾਹੀਂ ਪਾਣੀ ਤੁਹਾਡੇ ਘਰ ਵਿਚ ਆਉਂਦਾ ਹੈ)। ਜੇ ਅਸੀਂ ਤੁਹਾਡੇ ਘਰ ਦੇ ਅੰਦਰ ਮੀਟਰ ਨਹੀਂ ਲਾ ਸਕਦੇ, ਤਾਂ ਇਸਦੀ ਥਾਂ ਅਸੀਂ ਇਸ ਨੂੰ ਬਾਹਰ ਲਾਵਾਂਗੇ (ਕੁਝ ਮਾਮਲਿਆਂ ਵਿਚ, ਤੁਹਾਡੇ ਘਰ ਦੇ ਬਾਹਰ ਪਹਿਲਾਂ ਤੋਂ ਮੌਜੂਦ ਬਾਉਂਡਰੀ ਬਾੱਕਸ ਹੋ ਸਕਦਾ ਹੈ - ਜੇ ਇਹ ਮਾਮਲਾ ਹੈ, ਤਾਂ ਅਸੀਂ ਇਸ ਬਾੱਕਸ ਦੇ ਅੰਦਰ ਮੀਟਰ ਲਾਵਾਂਗੇ)।

ਮੀਟਰ ਲਾਉਣ ਲਈ ਢੁਕਵੀਂ ਥਾਂ ਬਾਰੇ ਫ਼ੈਸਲਾ ਕਰਨ ਵਾਸਤੇ ਸਰਵੇਖਣ ਲਈ ਅਸੀਂ ਤੁਹਾਡੇ ਘਰ ਆਵਾਂਗੇ। ਆਪਣੇ ਵਲੋਂ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਇਸ ਦੌਰੇ ਦੌਰਾਨ ਤੁਹਾਡਾ ਮੀਟਰ ਲੱਗ ਜਾਏ, ਪਰ ਜੇ ਇਹ ਸੰਭਵ ਨਾ ਹੋਇਆ, ਤਾਂ ਅਸੀਂ ਮੁੜ ਵਾਪਸ ਆ ਸਕਦੇ ਹਾਂ।

ਕਿਉਂਕਿ ਮੀਟਰ, ਤੁਹਾਡੇ ਪਾਣੀ ਦੀ ਸਪਲਾਈ ਦੇ ਪਾਈਪ ਨਾਲ ਲਾਉਣ ਦੀ ਲੋੜ ਪੈਣੀ ਹੈ (ਜੋ ਕਿ ਅਕਸਰ ਰਸੋਈ ਦੇ ਸਿੰਕ ਹੇਠਾਂ ਹੁੰਦਾ ਹੈ), ਅਸੀਂ ਤੁਹਾਨੂੰ ਕੁਝ ਚੀਜ਼ਾਂ (ਜਿਵੇਂ ਕੋਈ ਫ੍ਰਿਜ, ਜਿਸ ਨਾਲ ਪਾਣੀ ਦੀ ਸਪਲਾਈ ਦੀ ਪਾਈਪ ਰੁਕ ਸਕਦੀ ਹੈ, ਲਕੜੀ ਦੀ ਪੈਨਲਿੰਗ ਆਦਿ) ਹਟਾਉਣ ਲਈ ਕਹਿ ਸਕਦੇ ਹਾਂ, ਤਾਂਜੋ ਅਸੀਂ ਕੰਮ ਪੂਰਾ ਕਰ ਸਕੀਏ।

ਜਦੋਂ ਅਸੀਂ ਤੁਹਾਡਾ ਮੀਟਰ ਲਾਉਂਦੇ ਹਾਂ, ਤਾਂ ਸਾਨੂੰ ਕੁਝ ਛੋਟੇ ਮੋਟੇ ਕੰਮ ਕਰਨੇ ਪੈ ਸਕਦੇ ਹਨ, ਅਤੇ ਅਸੀਂ ਹਮੇਸ਼ਾ ਯਕੀਨੀ ਬਣਾਵਾਂਗੇ ਕਿ ਸਾਡੇ ਵਲੋਂ ਕੋਈ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਇਸ ਬਾਰੇ ਖ਼ੁਸ਼ ਹੋ।

### ਕੀ ਮੈਨੂੰ ਪਾਣੀ ਦਾ ਮੀਟਰ ਕਿਤੇ ਹੋਰ ਲੁਆਉਣ ਲਈ ਭੁਗਤਾਨ ਕਰਨਾ ਪੈਣਾ ਹੈ?

ਹਾਂ। ਜੇ ਇਹ ਸਾਡੇ ਲਈ ਇਹ ਸੰਭਵ ਹੋਇਆ ਕਿ ਅਸੀਂ ਪਾਣੀ ਦਾ ਮੀਟਰ ਆਪਣੀ ਤਰਜੀਹੀ ਥਾਂ (ਤੁਹਾਡੇ ਘਰ ਅੰਦਰ), ਪਰ ਜੇ ਤੁਸੀਂ ਪਾਣੀ ਦਾ ਮੀਟਰ ਬਾਹਰ ਲੁਆਉਣਾ ਚਾਹੁੰਦੇ ਹੋ, ਤਾਂ ਜੇ ਸੰਭਵ ਹੋਇਆ ਤਾਂ ਅਸੀਂ ਵੇਖਣ ਲਈ ਜਾਂਚਾਂਗੇ। ਬਦਕਿਸਮਤੀ ਨਾਲ, ਕੁਝ ਸੰਪਤੀਆਂ ਵਿਚ ਮੀਟਰ ਬਾਹਰ ਨਹੀਂ ਲੱਗ ਸਕਦੇ, ਪੂਰੇ ਵੇਰਵਿਆਂ ਲਈ ਅਗਲਾ ਸੈਕਸ਼ਨ ਵੇਖੋ। ਜੇ ਅਸੀਂ ਤੁਹਾਡੇ ਲਈ ਪਾਣੀ ਦਾ ਮੀਟਰ ਫੁਟਪਾਥ ਹੇਠਾਂ ਲਾ ਸਕੇ, ਤਾਂ ਤੁਹਾਨੂੰ ਲਾਗਤ ਵਿਚਲੇ ਫ਼ਰਕ ਦਾ ਭੁਗਤਾਨ ਕਰਨਾ ਪਏਗਾ, ਜੋ ਕਿ £130 ਨਾਲੇ VAT ਹੈ।

### ਕੀ ਤੁਸੀਂ ਪਾਣੀ ਦਾ ਮੀਟਰ ਹਮੇਸ਼ਾ ਲਾਉਂਦੇ ਹੋ?

ਨਹੀਂ, ਹਮੇਸ਼ਾ ਨਹੀਂ। ਪਾਣੀ ਦਾ ਮੀਟਰ ਨਾ ਲਾ ਸਕਣ ਦੇ ਇਥੇ ਕੁਝ ਸਭ ਤੋਂ ਆਮ ਕਾਰਣ ਦਿੱਤੇ ਗਏ ਹਨ:

- ਤੁਸੀਂ ਇੱਕ ਫ਼ਲੈਟ ਵਿਚ ਰਹਿੰਦੇ ਹੋ ਅਤੇ ਤੁਹਾਡੀ ਲਾਂਡਰੀ ਰੂਮ ਜਾਂ ਗਰਮ ਪਾਣੀ ਦੀ ਸਾਂਝੀ ਸਪਲਾਈ ਵਰਗੀਆਂ ਸਹੂਲਤਾਂ ਤੱਕ ਪਹੁੰਚ ਹੈ।
- ਤੁਹਾਡੀ ਸੰਪਤੀ ਵਿਚ ਪਾਣੀ ਦੀ ਇੱਕ ਤੋਂ ਵੱਧ ਸਪਲਾਈ ਹੈ।
- ਤੁਸੀਂ ਆਪਣੇ ਪਾਣੀ ਦੀ ਸਪਲਾਈ ਨੂੰ ਹੋਰਨਾਂ ਸੰਪਤੀਆਂ ਨਾਲ ਸਾਂਝਾ ਕਰਦੇ ਹੋ।
- ਤੁਹਾਡੀ ਸੰਪਤੀ ਵਿਚਲੇ ਪਾਣੀ ਦੇ ਕੰਮ ਤੱਕ ਪਹੁੰਚ ਨਹੀਂ ਹੈ, ਖ਼ਰਾਬ ਹਾਲਤ ਵਿਚ ਹੈ ਜਾਂ ਪਾਣੀ ਦੀ ਸਪਲਾਈ (ਪਾਣੀ ਦੀਆਂ ਫ਼ਿਟਿੰਗਾਂ) ਦੇ ਨੇਮਾਂ 1999 ਦੀ ਪਾਲਣਾ ਨਹੀਂ ਕਰਦੇ।
- ਜਾਂ ਸਾਨੂੰ ਪਾਣੀ ਦਾ ਮੀਟਰ ਲਾਉਣ ਲਈ ਢੁਕਵੀਂ ਥਾਂ ਨਹੀਂ ਮਿਲਦੀ ਹੈ
  - ਤੁਹਾਡੀ ਸੰਪਤੀ ਦੇ ਬਾਹਰ ਫੁਟਪਾਥ ਜਾਂ ਪਬਲਿਕ ਸ਼ਾਹਰਾਹ
  - ਤੁਹਾਡੇ ਘਰ ਦੇ ਅੰਦਰ।

ਜੇ ਅਸੀਂ ਤੁਹਾਡੇ ਘਰ ਵਿਚ ਪਾਣੀ ਦਾ ਮੀਟਰ ਨਹੀਂ ਲਾ ਸਕਦੇ, ਤਾਂ ਤੁਸੀਂ ਭੁਗਤਾਨ ਵਾਲੇ ਮੁੱਲ ਦੀ ਬਜਾਇ ਅੰਦਾਜ਼ਾ ਲਾਈਆਂ ਗਈਆਂ ਲਾਗਤਾਂ ਦੇ ਅਧਾਰ ਆਪਣੇ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਦੇ ਭਗਤਾਨ ਦੀ ਚੋਣ ਕਰ ਸਕਦੇ ਹੋ। ਅੰਦਾਜ਼ਾ ਲਾਈਆਂ ਗਈਆਂ ਲਾਗਤਾਂ ਸਲਾਨਾ ਨਿਰਧਾਰਤ ਰਕਮ ਹੁੰਦੀ ਹੈ। ਤੁਹਾਡੇ ਵਲੋਂ ਕੀਤੀ ਜਾਂਦੀ ਰਕਮ ਦਾ ਭੁਗਤਾਨ ਤੁਹਾਡੀ ਸੰਪਤੀ ਦੀ ਕਿਸਮ ਤੇ ਨਿਰਭਰ ਕਰਦਾ ਹੈ, ਜਦ ਤੱਕ ਕਿ ਤੁਸੀਂ ਇਕੱਲੇ ਨਹੀਂ ਰਹਿੰਦੇ, ਇਸ ਮਾਮਲੇ ਵਿਚ ਤੁਸੀਂ ਸਾਡੇ ਸਿੰਗਲ ਪਰਸਨ ਹਾਉਸਹੋਲਡ ਟੈਰਿਫ਼ ਦੇ ਯੋਗ ਹੋ ਸਕਦੇ ਹੋ।

ਜੇ ਅਸੀਂ ਮੀਟਰ ਨਾ ਲਾ ਸਕੇ, ਤਾਂ ਅਸੀਂ ਤੁਹਾਡੇ ਨਾਲ ਇਸ ਵਿਕਲਪ ਬਾਰੇ ਗੱਲਬਾਤ ਕਰਾਂਗੇ।

### ਤੁਸੀਂ ਪਾਣੀ ਦੇ ਮੀਟਰ ਦੀ ਰੀਡਿੰਗ ਕਦੋਂ ਲਓਗੇ?

ਅਸੀਂ ਆਮ ਤੌਰ ਤੇ ਹਰ ਛੇ ਮਹੀਨਿਆਂ ਵਿਚ ਪਾਣੀ ਦੇ ਮੀਟਰ ਦੀ ਰੀਡਿੰਗ ਲਵਾਂਗੇ। ਜਿਹੜੇ ਮੀਟਰ ਅਸੀਂ ਘਰਾਂ ਦੇ ਅੰਦਰ ਲਾਉਂਦੇ ਹਾਂ, ਉਹਨਾਂ ਨੂੰ 'ਸਮਾਰਟ' ਮੀਟਰ ਕਿਹਾ ਜਾਂਦਾ ਹੈ, ਜਿਸਦਾ ਮਤਲਬ ਹੈ ਕਿ ਉਹ ਸਾਨੂੰ ਆਪਣੇ ਆਪ ਰੀਡਿੰਗ ਭੇਜਦਾ ਹੈ, ਜਿਸ ਲਈ ਸਾਨੂੰ ਤੁਹਾਡੇ ਘਰ ਵਿਚ ਦਾਖ਼ਲ ਨਹੀਂ ਹੋਣਾ ਪੈਂਦਾ। ਹਾਲਾਂਕਿ ਭਵਿੱਖ ਵਿਚ ਅਜਿਹੇ ਮੌਕੇ ਹੋ ਸਕਦੇ ਹਨ, ਜਦੋਂ ਸਾਨੂੰ ਮੁਰੰਮਤ ਕਰਨ ਜਾਂ ਮੀਟਰ ਬਦਲਣ ਲਈ ਤੁਹਾਡੇ ਘਰ ਵਿਚ ਆਉਣ ਦੀ ਲੋੜ ਪਏਗੀ।

ਜੇ ਅਸੀਂ ਪਾਣੀ ਦੇ ਮੀਟਰ ਦੀ ਰੀਡਿੰਗ ਨਹੀਂ ਕਰਦੇ ਰਹੇ ਹਾਂ, ਤਾਂ ਅਸੀਂ ਇੱਕ ਕਾਰਡ ਛੱਡਾਂਗੇ, ਜਿਸ ਵਿਚ ਦੱਸਿਆ ਹੋਏਗਾ ਕਿ ਅੱਗੇ ਕੀ ਕਰੋ। ਤੁਸੀਂ ਸਾਨੂੰ **0800 616 448** ਤੇ ਆਪਣੀ ਰੀਡਿੰਗ ਨਾਲ ਫੋਨ ਕਰ ਸਕਦੇ ਹੋ, ਜਾਂ **unitedutilities.com/meter-reading** ਤੇ ਆਪਣੀ ਰੀਡਿੰਗ ਆੱਨਲਾਈਨ ਦਰਜ ਕਰੋ। ਤੁਹਾਡੇ ਵਲੋਂ ਜਾਂ ਸਾਡੇ ਮੀਟਰ ਰੀਡਰ ਵਲੋਂ ਲਈ ਗਈ ਅਸਲ ਰੀਡਿੰਗ ਨਾਲ ਇਹ ਗੱਲ ਯਕੀਨੀ ਬਣੇਗੀ ਕਿ ਤੁਹਾਨੂੰ ਸਟੀਕ ਬਿੱਲ ਮਿਲੇ।

### ਪਾਣੀ ਦਾ ਮੀਟਰ ਲਾਉਣ ਵਿਚ ਕਿੰਨਾ ਸਮਾਂ ਲੱਗੇਗਾ?

ਜੇ ਸਰਵੇਖਣ ਤੋਂ ਪਤਾ ਚੱਲਦਾ ਹੈ ਕਿ ਅਸੀਂ ਪਾਣੀ ਦਾ ਮੀਟਰ ਲਾ ਸਕਦੇ ਹਾਂ, ਤਾਂ ਤੁਹਾਡੀ ਅਰਜ਼ੀ ਫ਼ਾਰਮ ਮਿਲਣ ਦੇ **ਤਿੰਨ ਮਹੀਨਿਆਂ** ਦੇ ਅੰਦਰ ਅੰਦਰ ਮੀਟਰ ਲਾ ਦਿਆਂਗੇ। ਤੁਹਾਡਾ ਫ਼ਾਰਮ ਮਿਲਣ ਦੇ ਦੋ ਹਫ਼ਤਿਆਂ ਦੇ ਅੰਦਰ ਪੁਸ਼ਟੀ ਲਈ ਤੁਹਾਨੂੰ ਲਿਖਾਂਗੇ ਕਿ ਅਸੀਂ ਸਰਵੇਖਣ ਕਦੋਂ ਕਰਾਂਗੇ।

ਫਿਰ ਅਸੀਂ ਇੱਕ ਸਹੂਲਤ ਵਾਲੀ ਮੁਲਾਕਾਤ ਦਾ ਸਮਾਂ ਤੈਅ ਕਰਨ ਲਈ ਤੁਹਾਡੇ ਨਾਲ ਫੋਨ ਜਾਂ ਪੱਤਰ ਰਾਹੀਂ ਸੰਪਰਕ ਕਰਾਂਗੇ।

ਪਾਣੀ ਦਾ ਮੀਟਰ ਲਾਉਣ ਵਿਚ, ਸਾਡੇ ਵਲੋਂ ਤਿੰਨ ਮਹੀਨਿਆਂ ਤੋਂ ਵੱਧ ਸਮਾਂ ਲਏ ਜਾਣ, ਜਿਸਦੀ ਕਿ ਸੰਭਾਵਨਾ ਨਹੀਂ ਹੈ, ਦੀ ਹਾਲਤ ਵਿਚ, ਸਾਡੇ ਵਲੋਂ ਆਪਣੇ ਮਿਆਰ ਤੇ ਪੂਰਾ ਉਤਰਣ ਵਿਚ ਨਾਕਾਮ ਰਹਿਣ ਮਗਰੋਂ ਹਰ ਪੂਰੇ ਹਫ਼ਤੇ ਲਈ, ਅਸੀਂ ਤੁਹਾਡੇ ਖਾਤੇ ਵਿਚ ਆਮ ਤੌਰ ਤੇ **£4** ਪਾਵਾਂਗੇ। ਕੁਝ ਸਥਿਤੀਆਂ ਹੁੰਦੀਆਂ ਹਨ, ਜਦੋਂ ਤੁਸੀਂ ਇਸ ਭੱਤੇ ਦੇ ਹੱਕਦਾਰ ਨਹੀਂ ਹੋ ਸਕਦੇ।

### ਇਸ ਲੀਫ਼ਲੈਟ ਵਿਚਲੀ ਜਾਣਕਾਰੀ ਬਾਰੇ ਸਾਡੇ ਨਾਲ ਕਿਵੇਂ ਸੰਪਰਕ ਕਰੋ

**unitedutilities.com/meters**

**0845 746 1100**
ਖੁੱਲ੍ਹਣ ਦਾ ਸਮਾਂ: ਸਵੇਰੇ 8 - ਰਾਤੀਂ 8 ਵਜੇ, ਸੋਮਵਾਰ ਤੋਂ ਸ਼ੁੱਕਰਵਾਰ; ਸਵੇਰੇ 8 - ਸ਼ਾਮੀਂ 5 ਵਜੇ ਸ਼ਨਿਚਰਵਾਰ

**United Utilities**
**PO Box 246,**
**Warrington**
**WA55 1EA**

ਇਹਨਾਂ ਵਿਚ ਸ਼ਾਮਿਲ ਹੈ:

- ਜੇ ਤੁਸੀਂ ਆਪਣਾ ਅਰਜ਼ੀ ਫ਼ਾਰਮ ਸਹੀ ਢੰਗ ਨਾਲ ਨਹੀਂ ਭਰਿਆ।
- ਜੇ ਅਸੀਂ ਪਾਣੀ ਦਾ ਮੀਟਰ ਲਾਉਣ ਲੀ ਤੁਹਾਡੇ ਨਾਲ ਮੁਲਾਕਾਤ ਦਾ ਸਮਾਂ ਤੈਅ ਕੀਤਾ ਹੈ ਅਤੇ ਤੁਸੀਂ ਮੁਲਾਕਾਤ ਦਾ ਸਮਾਂ ਖੁੰਝਾ ਦਿੱਤਾ ਹੈ ਜਾਂ ਰੱਦ ਕਰ ਦਿੱਤਾ ਹੈ।
- ਜੇ ਤੁਸੀਂ ਆਪਣੇ ਪਾਈਪ ਦੇ ਕੰਮ ਨਾਲ ਜੁੜੀਆਂ ਜ਼ਰੂਰੀ ਤਬਦੀਲੀਆਂ ਕਰਨ ਵਿਚ ਨਾਕਾਮ ਰਹਿੰਦੇ ਹੋ (ਜੇ ਤਬਦੀਲੀਆਂ ਕਰਨ ਦੀ ਲੋੜ ਪਈ, ਤਾਂ ਅਸੀਂ ਸਰਵੇਖਣ ਵੇਲੇ ਤੁਹਾਨੂੰ ਦੱਸਾਂਗੇ)। ਜੇ ਤੁਸੀਂ ਤਿੰਨ ਮਹੀਨਿਆਂ ਦੇ ਅੰਦਰ ਇਹ ਤਬਦੀਲੀਆਂ ਕਰਨ ਵਿਚ ਨਾਕਾਮ ਰਹਿੰਦੇ ਹੋ, ਤਾਂ ਤੁਹਾਡੀ ਮੂਲ ਬੇਨਤੀ ਰੱਦ ਕਰ ਦਿੱਤੀ ਜਾਏਗੀ ਅਤੇ ਪਾਣੀ ਦੇ ਮੀਟਰ ਲਈ ਤੁਹਾਨੂੰ ਫਿਰ ਤੋਂ ਅਰਜ਼ੀ ਦੇਣੀ ਪਏਗੀ।
- ਜੇ ਤੁਸੀਂ ਸਾਨੂੰ ਪਾਣੀ ਦਾ ਮੀਟਰ ਤਿੰਨ ਮਹੀਨਿਆਂ ਤੋਂ ਬਾਅਦ ਲਾਉਣ ਲਈ ਕਹਿੰਦੇ ਹੋ।

## ਮੈਂ ਕਿਰਾਏਦਾਰ ਹਾਂ, ਕੀ ਮੈਂ ਪਾਣੀ ਦਾ ਮੀਟਰ ਲੁਆਉਣ ਲਈ ਅਰਜ਼ੀ ਦੇ ਸਕਦਾ/ਸਕਦੀ ਹਾਂ?

ਹਾਂ, ਜਦ ਤੱਕ ਤੁਹਾਡੇ ਕੋਲ ਛੇ ਮਹੀਨੇ ਤੋਂ ਘੱਟ ਦੀ ਨਿਰਧਾਰਤ ਮਿਆਦ ਦੀ ਕਿਰਾਏਦਾਰੀ ਦਾ ਇਕਰਾਰਨਾਮਾ ਨਹੀਂ ਹੈ, ਤਾਂ ਇਸ ਮਾਮਲੇ ਵਿਚ ਤੁਹਾਨੂੰ ਪਾਣੀ ਦੇ ਮੀਟਰ ਲਈ ਅਰਜ਼ੀ ਦੇਣ ਤੋਂ ਪਹਿਲਾਂ ਆਪਣੇ ਮਕਾਨ-ਮਾਲਕ ਦੀ ਆਗਿਆ ਜ਼ਰੂਰ ਲੈਣੀ ਚਾਹੀਦੀ ਹੈ।

## ਮੈਂ ਮਕਾਨ-ਮਾਲਕ ਹਾਂ, ਕੀ ਮੈਂ ਆਪਣੀਆਂ ਸੰਪਤੀਆਂ ਵਿਚੋਂ ਇੱਕ ਵਿਚ ਪਾਣੀ ਦਾ ਮੀਟਰ ਲੁਆਉਣ ਲਈ ਅਰਜ਼ੀ ਦੇ ਸਕਦਾ/ਸਕਦੀ ਹਾਂ?

ਤੁਸੀਂ ਸਾਨੂੰ ਤਾਂ ਹੀ ਪਾਣੀ ਦਾ ਮੀਟਰ ਲੁਆਉਣ ਲਈ ਕਹਿ ਸਕਦੇ ਹੋ, ਜੇ ਪਾਣੀ ਦੇ ਬਿੱਲ ਤੇ ਤੁਹਾਡਾ ਨਾਂ ਹੈ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਆਪਣੇ ਕਿਰਾਏਦਾਰਾਂ ਨੂੰ ਦੱਸੋ ਕਿ ਤੁਸੀਂ ਸੰਪਤੀ ਵਿਚ ਪਾਣੀ ਦਾ ਮੀਟਰ ਲੁਆਉਣਾ ਚਾਹੁੰਦੇ ਹੋ।

## ਪਾਣੀ ਦਾ ਮੀਟਰ ਲੱਗਣ ਤੋਂ ਬਾਅਦ ਕੀ ਮੈਂ ਆਪਣਾ ਵਿਚਾਰ ਬਦਲ ਸਕਦਾ/ਸਕਦੀ ਹਾਂ?

ਹਾਂ, ਜਦ ਤੱਕ ਕਿ ਤੁਸੀਂ ਬਹੁਤ ਜ਼ਿਆਦਾ ਪਾਣੀ ਵਰਤਣ ਵਾਲੇ ਨਹੀਂ ਹੋ। ਉਦਾਹਰਣ ਲਈ, ਜੇ ਤੁਸੀਂ ਆਪਣੇ ਆਪ ਭਰੇ ਜਾਣ ਵਾਲੇ ਤਰੀਕੇ ਨਾਲ ਤਲਾਅ ਜਾਂ ਸਵੀਮਿੰਗ ਪੂਲ (10,000 ਲੀਟਰ ਦੀ ਸਮਰੱਥਾ ਵਾਲਾ) ਭਰਦੇ ਹੋ, ਸਪ੍ਰਿੰਕਲਰ ਦੀ ਵਰਤੋਂ ਕਰਦੇ ਹੋ, ਜਾਂ ਤੁਹਾਡੀ ਸੰਪਤੀ ਘਰ ਅਤੇ ਕਾਰੋਬਾਰ ਹੈ ਅਤੇ ਪਾਣੀ ਦੀ ਮੁੱਖ ਤੌਰ ਤੇ ਵਰਤੋਂ ਕਾਰੋਬਾਰ ਲਈ ਹੈ, ਤਾਂ ਫਿਰ ਤੁਹਾਨੂੰ ਆਪਣੇ ਮੀਟਰ ਵਾਲੇ ਬਿੱਲ ਰਖਣੇ ਹੋਣਗੇ।

ਪਾਣੀ ਦਾ ਮੀਟਰ ਲਾਉਣ ਮਗਰੋਂ, ਤੁਹਾਡੇ ਕੋਲ ਸਾਨੂੰ ਇਹ ਦੱਸਣ ਲਈ ਕਿ ਤੁਸੀਂ, ਸਾਡੇ ਵਲੋਂ ਪਾਣੀ ਦੀਆਂ ਸੇਵਾਵਾਂ ਲਈ ਲਏ ਜਾਂਦੇ ਭੁਗਤਾਨ ਦੇ ਤਰੀਕੇ ਤੇ ਵਾਪਸ ਜਾਣਾ ਚਾਹੁੰਦੇ ਹੋ, ਹੋਰ ਕਿਸੇ ਵੀ ਗੱਲ ਲਈ 13 ਮਹੀਨਿਆਂ ਤਕ ਦਾ ਸਮਾਂ ਹੈ।

ਅਸੀਂ ਮੀਟਰ ਨਹੀਂ ਹਟਾਵਾਂਗੇ, ਪਰ ਤੁਹਾਡੇ ਅਗਲੇ ਸਾਰੇ ਬਿੱਲ ਪਹਿਲਾਂ ਵਾਂਗ ਤੁਹਾਡੀ ਸੰਪਤੀ ਦੇ ਦਰ ਵਾਲੇ ਮੁੱਲ ਦੇ ਅਧਾਰ ਤੇ ਹੋਣਗੇ। ਜੇ ਤੁਸੀਂ ਇਸ ਦਿੱਤੀ ਗਈ ਸਮੇਂ ਦੀ ਮਿਆਦ ਦੇ ਅੰਦਰ ਅੰਦਰ ਸਾਨੂੰ ਨਹੀਂ ਦੱਸਦੇ, ਤਾਂ ਤੁਹਾਨੂੰ ਆਪਣੇ ਮੀਟਰ ਰੀਡਿੰਗ ਦੇ ਅਧਾਰ ਤੇ ਲਾਗਤਾਂ ਦਾ ਭੁਗਤਾਨ ਕਰਨਾ ਪਏਗਾ।

## ਕੀ ਪਾਣੀ ਦਾ ਮੀਟਰ ਲਾਉਣ ਨਾਲ ਮੇਰੀ ਸੰਪਤੀ ਵਿਚ ਬਿਜਲੀ ਦੀ ਅਰਥਿੰਗ ਤੇ ਅਸਰ ਪਏਗਾ?

ਜੇ ਅਸੀਂ ਪਾਣੀ ਦਾ ਮੀਟਰ ਤੁਹਾਡੇ ਘਰ ਦੇ ਅੰਦਰ ਲਾਉਂਦੇ ਹਾਂ, ਤਾਂ ਸਾਡੇ ਵਲੋਂ ਕੁਝ ਵੀ ਅਜਿਹਾ ਨਹੀਂ ਕੀਤਾ ਜਾਏਗਾ, ਜਿਸ ਨਾਲ ਤੁਹਾਡੇ ਬਿਜਲੀ ਦੇ ਸਿਸਟਮ ਦੀ ਅਰਥਿੰਗ ਜਾਂ ਬੌਂਡਿੰਗ ਨੂੰ ਜਾਰੀ ਰਖਣ ਵਿਚ ਕੋਈ ਫ਼ਰਕ ਪਏ। ਅਸੀਂ ਪਾਣੀ ਦੇ ਮੀਟਰ ਦੁਆਲੇ ਪੱਕੀ ਬੌਂਡਿੰਗ ਤਾਰ ਲਾਵਾਂਗੇ ਅਤੇ ਇਹ ਆਪਣੀ ਥਾਂ ਤੇ ਟਿਕੀ ਰਹਿੰਦੀ ਹੈ।

ਜੇ ਅਸੀਂ ਪਾਣੀ ਦਾ ਮੀਟਰ ਤੁਹਾਡੇ ਘਰ ਦੇ ਬਾਹਰ ਲਾਉਂਦੇ ਹਾਂ, ਤਾਂ ਤੁਹਾਡਾ ਬਿਜਲੀ ਦਾ ਸਿਸਟਮ ਪਾਣੀ ਦੀ ਸਰਵਿਸ ਪਾਈਪ ਨੂੰ ਅਰਥ ਵਜੋਂ ਵਰਤਦਾ ਹੈ, ਉਥੇ ਕੁਝ ਅਸਰ ਹੋ ਸਕਦਾ ਹੈ। ਆਪਣੀ ਸੰਪਤੀ ਦੀ ਇਲੈਕਟ੍ਰਿਕ ਦੀ ਸਹੀ ਅਰਥਿੰਗ ਦੀ ਜ਼ਿੰਮੇਵਾਰੀ ਤੁਹਾਡੀ ਹੈ। ਜੇ ਤੁਸੀਂ ਇਸ ਬਾਰੇ ਫ਼ਿਕਰਮੰਦ ਹੋ, ਤਾਂ ਕਿਰਪਾ ਕਰਕੇ ਇੱਕ ਯੋਗਤਾਪ੍ਰਾਪਤ ਬਿਜਲੀ ਵਾਲੇ ਨਾਲ ਸੰਪਰਕ ਕਰੋ।

## ਜੇ ਮੇਰੇ ਪਾਣੀ ਦੀ ਸਪਲਾਈ ਦੀ ਪਾਈਪ ਰਿਸਦੀ ਹੈ, ਤਾਂ ਕੀ ਹੁੰਦਾ ਹੈ?

ਘਰੇਲੂ ਗਾਹਕਾਂ ਲਈ ਸਾਡਾ ਪ੍ਰਾਈਵੇਟ ਲੀਕ ਰਿਪੇਅਰ ਸਿਸਟਮ ਹੈ। ਇਸਦਾ ਮਤਲਬ ਇਹ ਹੈ ਕਿ ਕੁਝ ਮਾਮਲਿਆਂ ਵਿਚ ਅਸੀਂ ਬਿਨਾ ਲਾਗਤ ਲਿਆਂ ਤੁਹਾਡੀ ਬਾਹਰਲੀ ਸਪਲਾਈ ਪਾਈਪ ਦੇ ਰਿਸਣ ਦੀ ਮੁਰੰਮਤ ਕਰ ਸਕਦੇ ਹਾਂ। ਅਸੀਂ ਸਿਰਫ਼ ਤੁਹਾਡੀ ਸੰਪਤੀ ਦੀ ਵਲਗਣ ਅਤੇ ਤੁਹਾਡੇ ਘਰ ਦੀ ਬਾਹਰਲੀ ਕੰਧ ਵਿਚਕਾਰ ਪਾਈਪ ਦੇ ਕੰਮ ਦੇ ਕਿਸੇ ਰਿਸਣ ਦੀ ਮੁਰੰਮਤ ਕਰਾਂਗੇ, ਪਰ ਇਮਾਰਤਾਂ ਦੇ ਹੇਠਾਂ ਜਾਂ ਅੰਦਰੂਨੀ ਨਲਸਾਜ਼ੀ ਦੀ ਨਹੀਂ। ਪੂਰੇ ਵੇਰਵੇ ਇਸ ਵੈਬਸਾਈਟ ਤੇ ਮਿਲ ਸਕਦੇ ਹਨ **unitedutilities.com/bursthome**

## ਕੀ ਮੈਨੂੰ ਪਾਣੀ ਰਿਸਣ ਜਾਂ ਪਾਈਪ ਫਟਣ ਕਰਕੇ ਬਰਬਾਦ ਹੋਏ ਪਾਣੀ ਲਈ ਭੁਗਤਾਨ ਕਰਨਾ ਪਏਗਾ?

ਜਦੋਂ ਤੁਹਾਡਾ ਪਾਣੀ ਦਾ ਮੀਟਰ ਲੱਗਿਆ ਹੋਇਆ ਹੈ, ਤਾਂ ਅਸੀਂ ਇਸ ਵਿਚੋਂ ਲੰਘੇ ਸਾਰੇ ਪਾਣੀ ਦੀ ਲਾਗਤ ਲਵਾਂਗੇ। ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਆਪਣੇ ਪਾਈਪ ਦੇ ਕੰਮ ਤੇ ਕਿਸੇ ਵੀ ਰਿਸਣ ਦਾ ਪਤਾ ਲਾਉਣ ਵਿਚ ਮਦਦ ਲਈ ਮੀਟਰ ਦੀਆਂ ਬਾਕਾਇਦਾ ਰੀਡਿੰਗਾਂ ਲਓ। ਜੇ ਤੁਹਾਨੂੰ ਆਪਣੇ ਪਾਣੀ ਦੀ ਬਾਹਰਲੀ ਸਪਲਾਈ ਪਾਈਪ ਦੇ ਰਿਸਣ ਦਾ ਪਤਾ ਲੱਗਦਾ ਹੈ, ਤਾਂ ਤੁਹਾਨੂੰ ਪਾਣੀ ਦੇ ਨੁਕਸਾਨ ਦਾ ਦਾਅਵਾ ਕਰਨ ਦਾ ਹੱਕ ਹੈ। ਅਸੀਂ ਰਿਸਣ ਕਰਕੇ ਹੋਣ ਵਾਲੇ ਪਾਣੀ ਦੇ ਕਿਸੇ ਵੀ ਨੁਕਸਾਨ ਦਾ ਭੁਗਤਾਨ ਕਰਾਂਗੇ, ਬਸ਼ਰਤੇ ਇਹ ਪਾਈਪ ਪਹਿਲੀ ਵਾਰੀ ਫਟਿਆ ਹੈ ਅਤੇ ਇਸਦੀ ਮੁਰੰਮਤ ਇਸਦੇ ਪਤਾ ਲੱਗਣ ਦੇ ਦੋ ਹਫ਼ਤਿਆਂ ਵਿਚ ਹੋ ਗਈ ਸੀ।

ਅਸੀਂ ਤੁਹਾਡੇ ਗੰਦੇ ਪਾਣੀ ਦੀਆਂ ਲਾਗਤਾਂ ਬਾਰੇ ਵੀ ਭੱਤਾ ਦੇ ਸਕਦੇ ਹਾਂ। ਪਾਣੀ ਰਿਸਣ ਦੇ ਸਾਡੇ ਅਮਲ ਦੇ ਜ਼ਾਬਤੇ ਦੇ ਪੂਰੇ ਵੇਰਵਿਆਂ ਅਤੇ ਦਾਅਵਾ ਫ਼ਾਰਮ ਡਾਊਨਲੋਡ ਕਰਨ ਲਈ **unitedutilities.com/bursthome** ਤੇ ਜਾਓ।

## ਪਾਣੀ ਦੇ ਮੀਟਰ ਕਿਸਦੀ ਮਲਕੀਅਤ ਹਨ?

ਪਾਣੀ ਮੀਟਰ ਯੂਨਾਇਟਿਡ ਯੂਟੀਲਿਟਿਜ਼ ਦੀ ਮਲਕੀਅਤ ਹਨ। ਅਸੀਂ ਇਸ ਨੂੰ ਬਣਾਈ ਰਖਣ, ਮੁਰੰਮਤ ਕਰਨ ਅਤੇ ਬਦਲਣ ਲਈ ਜ਼ਿੰਮੇਵਾਰ ਹਾਂ।

## ਜੇ ਮੈਂ ਘਰ ਛੱਡਕੇ ਚਲਾ/ਚਲੀ ਜਾਵਾਂ, ਕੀ ਘਰ ਵਿਚ ਆਉਣ ਵਾਲਾ ਨਵਾਂ ਵਿਅਕਤੀ, ਸੰਪਤੀ ਤੇ ਲਾਈ ਜਾਣ ਵਾਲੀ ਦਰ ਤੇ ਅਧਾਰਤ ਲਾਗਤਾਂ ਤੇ ਵਾਪਸ ਜਾ ਸਕਦਾ ਹੈ?

ਸਾਰੇ ਨਵੇਂ ਆਉਣ ਵਾਲਿਆਂ ਤੋਂ, ਉਹਨਾਂ ਦੇ ਮੀਟਰ ਦੀਆਂ ਰੀਡਿੰਗਾਂ ਦੇ ਅਧਾਰ ਤੇ ਉਹਨਾਂ ਦੇ ਪਾਣੀ ਦੀਆਂ ਸੇਵਾਵਾਂ ਲਈ ਲਾਗਤਾਂ ਲਈਆਂ ਜਾਣਗੀਆਂ। (ਭਾਵੇਂਕਿ ਤੁਸੀਂ ਸੰਪਤੀ ਤੇ ਲਾਈ ਜਾਣ ਵਾਲੀ ਦਰ ਤੇ ਅਧਾਰਤ ਲਾਗਤਾਂ ਦਾ ਭੁਗਤਾਨ ਕਰਨ ਤੇ ਵਾਪਸ ਆ ਗਏ ਹੋ)।

ਘਰ ਛੱਡਕੇ ਜਾਣ ਲੱਗਿਆਂ, ਤੁਹਾਨੂੰ ਨਵੇਂ ਮਾਲਕ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਉਹਨਾਂ ਨੂੰ ਮੀਟਰ ਦੀਆਂ ਰੀਡਿੰਗਾਂ ਦੇ ਅਧਾਰ ਤੇ ਆਪਣੀਆਂ ਪਾਣੀ ਦੀਆਂ ਸੇਵਾਵਾਂ ਲਈ ਲਾਗਤਾਂ ਲੱਗਣਗੀਆਂ।

## ਕੀ ਮੈਂ ਪਾਣੀ ਦਾ ਮੀਟਰ ਹਟਾ ਸਕਦਾ/ਸਕਦੀ ਹਾਂ?

ਨਹੀਂ। ਪਾਣੀ ਦੇ ਮੀਟਰ ਨਾਲ ਛੇੜਛਾੜ ਕਰਨੀ ਜਾਂ ਹਟਾਉਣਾ ਗ਼ੈਰਕਾਨੂੰਨੀ ਹੈ, ਕਿਰਪਾ ਕਰਕੇ ਇੰਜ ਨਾ ਕਰੋ।

# ਤੁਹਾਡਾ ਬਿੱਲ

## ਤੁਸੀਂ ਅਕਸਰ ਮੈਨੂੰ ਕਿੰਨੀ ਵਾਰੀ ਬਿੱਲ ਭੇਜੋਗੇ?

ਤੁਹਾਨੂੰ ਹਰ ਛੇ ਮਹੀਨਿਆਂ ਵਿਚ ਬਿੱਲ ਮਿਲੇਗਾ। ਇਹ ਉਸ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਲਈ ਹੈ, ਜੋ ਤੁਸੀਂ ਪਹਿਲਾਂ ਹੀ ਵਰਤ ਚੁੱਕੇ ਹੋ। ਜਿਸ ਤਾਰੀਖ਼ ਤੇ ਤੁਹਾਨੂੰ ਤੁਹਾਡਾ ਬਿੱਲ ਮਿਲਦਾ ਹੈ, ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਅਸੀਂ ਤੁਹਾਡੇ ਪਾਣੀ ਦੇ ਮੀਟਰ ਦੀ ਰੀਡਿੰਗ ਕਦੋਂ ਲਈ ਸੀ।

ਤੁਹਾਡਾ ਮੀਟਰ ਵਾਲਾ ਪਹਿਲਾ ਪਾਣੀ ਦਾ ਬਿੱਲ, ਪਾਣੀ ਦਾ ਮੀਟਰ ਲੱਗਣ ਤੋਂ ਛੇ ਮਹੀਨਿਆਂ ਤੱਕ ਕਦੀ ਵੀ ਆ ਸਕਦਾ ਹੈ। ਜੇ ਸਾਨੂੰ ਆਪਣੀ ਖ਼ੁਦ ਦੀ ਰੀਡਿੰਗ ਜਾਂ ਤੁਹਾਡੇ ਤੋਂ ਰੀਡਿੰਗ ਨਹੀਂ ਮਿਲੀ, ਤਾਂ ਅਸੀਂ ਤੁਹਾਨੂੰ ਇੱਕ ਅੰਦਾਜ਼ਨ ਬਿੱਲ ਭੇਜਾਂਗੇ।

## ਮੈਂ ਆਪਣੇ ਬਿੱਲ ਦਾ ਭੁਗਤਾਨ ਕਿਵੇਂ ਕਰ ਸਕਦਾ/ਸਕਦੀ ਹਾਂ?

ਅਸੀਂ ਤੁਹਾਨੂੰ ਤੁਹਾਡੇ ਬਿੱਲ ਦਾ ਭੁਗਤਾਨ ਕਰਨ ਲਈ ਕਈ ਅਸਾਨ ਤਰਾਕਿਆਂ ਦੀ ਪੇਸ਼ਕਸ਼ ਕਰਦੇ ਹਾਂ। ਤੁਸੀਂ ਡਾਇਰੈਕਟ ਡੈਬਿਟ, ਨਕਦ ਜਾਂ ਚੈਕ ਰਾਹੀਂ ਭੁਗਤਾਨ ਕਰ ਸਕਦੇ ਹੋ। ਕੁਝ ਗਾਹਕ ਹਰ ਬਿੱਲ ਦੇ ਪਹੁੰਚਦਿਆਂ ਹੀ ਭੁਗਤਾਨ ਨੂੰ ਤਰਜੀਹ ਦਿੰਦੇ ਹਨ, ਪਰ ਜ਼ਿਆਦਾਤਰ ਬਜਟ ਭੁਗਤਾਨ ਸਕੀਮ ਦੀ ਚੋਣ ਕਰਕੇ ਲਾਗਤ ਨੂੰ ਪੂਰੇ ਸਾਲ ਵਿਚ ਦੇਣ ਨੂੰ ਤਰਜੀਹ ਦਿੰਦੇ ਹਨ। ਅਸੀਂ ਅੰਦਾਜ਼ਾ ਲਾਉਂਦੇ ਹਾਂ ਕਿ ਤੁਸੀਂ ਸਾਲ ਵਿਚ ਕਿੰਨਾ ਪਾਣੀ ਵਰਤੋਗੇ ਅਤੇ ਕੁੱਲ ਰਕਮ ਨੂੰ ਨੇਮ ਵਾਲੇ ਮਹੀਨੇਵਾਰ ਭੁਗਤਾਨਾਂ ਵਿਚ ਵੰਡ ਦਿੰਦੇ ਹਾ। ਅਸਲ ਵਿਚ ਤੁਸੀਂ ਕਿੰਨਾ ਪਾਣੀ ਵਰਤ ਰਹੇ ਹੋ, ਦੇ ਅਧਾਰ ਤੇ, ਅਗਲੇ ਸਾਲ ਅਸੀਂ ਤੁਹਾਡੇ ਵਲੋਂ ਕੀਤੇ ਗਏ ਭੁਗਤਾਨ (ਵੱਧ ਜਾਂ ਘੱਟ) ਵਿਚੋਂ ਇਸਨੂੰ ਠੀਕ ਕਰ ਦਿਆਂਗੇ।

## ਕੀ ਮੈਂ ਡਾਇਰੈਕਟ ਡੈਬਿਟ ਰਾਹੀਂ ਭੁਗਤਾਨ ਕਰ ਸਕਦਾ/ਸਕਦੀ ਹਾਂ?

ਹਾਂ। ਡਾਇਰੈਕਟ ਡੈਬਿਟ ਤੁਹਾਡੇ ਪਾਣੀ ਦੇ ਬਿੱਲ ਦੇ ਭੁਗਤਾਨ ਦੀਆਂ ਪਰੇਸ਼ਾਨੀਆਂ ਲੈ ਲੈਂਦਾ ਹੈ ਅਤੇ ਤੁਸੀਂ ਆਪਣੇ ਭੁਗਤਾਨਾਂ ਨੂੰ ਵੰਡ ਸਕਦੇ ਹੋ। ਅਸੀਂ ਤੁਹਾਨੂੰ ਹਰ ਸਾਲ ਤੁਹਾਡੇ ਬਿੱਲ ਤੇ **£5** ਦੀ ਛੋਟ ਦਿਆਂਗੇ। ਬੱਸ ਸਾਨੂੰ **0845 746 2222** ਤੇ ਕਾੱਲ ਕਰੋ।

## ਮੈਂ ਇਸ ਵੇਲੇ ਡਾਇਰੈਕਟ ਡੈਬਿਟ ਰਾਹੀਂ ਭੁਗਤਾਨ ਕਰ ਰਿਹਾ/ਰਹੀ ਹਾਂ। ਕੀ ਮੈਨੂੰ ਹੋਰ ਫ਼ਾਰਮ ਭਰਨਾ ਪੈਣਾ ਹੈ?

ਨਹੀਂ, ਤੁਹਾਨੂੰ ਕੁਝ ਨਹੀਂ ਕਰਨਾ ਪੈਣਾ। ਅਸੀਂ ਤੁਹਾਡਾ ਪ੍ਰਬੰਧ ਜਾਰੀ ਰਖਾਂਗੇ, ਜਦ ਤੱਕ ਕਿ ਤੁਸੀਂ ਸਾਨੂੰ ਇੰਜ ਨਾ ਕਰਨ ਲਈ ਨਹੀਂ ਕਹਿੰਦੇ।

## ਪਾਣੀ ਦਾ ਮੀਟਰ ਲੱਗਣ ਤੋਂ ਬਾਅਦ ਮੇਰੇ 'ਪੁਰਾਣੇ' ਬਿੱਲ ਦਾ ਕੀ ਹੋਏਗਾ?

ਇਸ ਗੱਲ ਨੂੰ ਧਿਆਨ ਵਿਚ ਰਖੇ ਬਿਨਾ ਕਿ ਤੁਸੀਂ ਇਸ ਵੇਲੇ ਕਿੰਨਾ ਭੁਗਤਾਨ ਕਰ ਰਹੇ ਹੋ, ਕਿਰਪਾ ਕਰਕੇ ਸਾਡੇ ਵਲੋਂ ਪਾਣੀ ਦਾ ਮੀਟਰ ਲਾਏ ਜਾਣ ਤੱਕ ਆਪਣੇ ਬਿੱਲ ਦਾ ਭੁਗਤਾਨ ਕਰਨਾ ਯਕੀਨੀ ਬਣਾਓ।

ਪਾਣੀ ਦਾ ਮੀਟਰ ਲੱਗਦਿਆਂ ਹੀ ਅਸੀਂ ਤੁਹਾਡੇ 'ਪੁਰਾਣੇ' ਬਿੱਲ ਦਾ ਹਿਸਾਬ ਕਰਾਂਗੇ, ਜੇ ਅਸੀਂ ਤੁਹਾਨੂੰ ਕੋਈ ਪੈਸਾ ਦੇਣਾ ਹੋਇਆ, ਤਾਂ ਅਸੀਂ ਇਹ ਰਕਮ ਤੁਹਾਡੇ ਮੀਟਰ ਵਾਲੇ ਪਹਿਲੇ ਬਿੱਲ ਵਿਚੋਂ ਘਟਾ ਦਿਆਂਗੇ। ਇਸ ਨੂੰ ਦੇਣ ਵਾਲੀ ਬਾਕੀ ਰਕਮ ਵਜੋਂ ਦਰਸਾਇਆ ਜਾਏਗਾ। ਜੇ ਤੁਸੀਂ ਆਪਣੇ 'ਪੁਰਾਣੇ' ਬਿੱਲ ਤੇ ਸਾਨੂੰ ਪੈਸਾ ਦੇਣਾ ਹੋਇਆ, ਤਾਂ ਅਸੀਂ ਤੁਹਾਨੂੰ ਖੜ੍ਹੀ ਰਕਮ ਦਾ ਹਿਸਾਬ ਭੇਜਾਂਗੇ।

# ਸੰਭਵ ਬੱਚਤਾਂ ਤੇ ਇੱਕ ਨਜ਼ਰ

ਜੇ ਤੁਹਾਡਾ ਪਾਣੀ ਦਾ ਮੀਟਰ ਲੱਗਿਆ ਹੋਇਆ ਹੈ, ਤਾਂ ਇਹ ਟੇਬਲ ਦਰਸਾਉਂਦਾ ਹੈ ਕਿ ਹਰ ਸਾਲ ਤੁਸੀਂ ਸੰਭਵ ਤੌਰ ਤੇ ਕਿੰਨਾ ਪੈਸਾ ਬਚਾ ਸਕਦੇ ਹੋ।

- ਪਹਿਲਾਂ, ਆਪਣੇ ਪਾਣੀ ਦੇ ਮੀਟਰ ਤੋਂ ਪਤਾ ਲਾਓ ਕਿ ਤੁਸੀਂ ਹਰ ਸਾਲ ਕਿੰਨਾ ਭੁਗਤਾਨ ਕਰ ਰਹੇ ਹੋ।
- ਫਿਰ, ਇਸ ਦੀ ਤੁਲਨਾ ਆਪਣੇ ਘਰ ਵਿਚਲੇ ਲੋਕਾਂ ਦੀ ਗਿਣਤੀ ਨਾਲ ਕਰੋ।
- ਸੰਭਵ ਬੱਚਤਾਂ ਗੂੜ੍ਹੇ ਖਾਨਿਆਂ ਵਿਚ ਦਰਸਾਈਆਂ ਗਈਆਂ ਹਨ।
- ਹਲਕੇ ਖਾਨੇ ਦਰਸਾਉਂਦੇ ਹਨ ਕਿ ਬੱਚਤ ਦੀ ਕੋਈ ਸੰਭਾਵਨਾ ਨਹੀਂ ਹੈ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਪੈਸੇ ਦਾ ਮੁੱਲ ਪਹਿਲਾਂ ਹੀ ਵਧੀਆ ਪੈ ਰਿਹਾ ਹੈ।

| ਤਹਾਡਾ ਮਜਦਾ ਸਲਾਨਾ ਬਿੱਲ: | £300 - £400 | £400 - £500 | £500 - £600 | £600 - £700 | |
|---|---|---|---|---|---|
| ਘਰ ਵਿਚ 1 ਵਿਅਕਤੀ | **£16-£116** | **£116-£216** | **£216-£316** | **£316-£416** | ਸਭਵ ਬੱਚਤਾਂ* |
| ਘਰ ਵਿਚ 2 ਵਿਅਕਤੀ | ਛਟੀਆ ਬੱਚਤਾਂ ਸਭਵ ਹਨ | **£2-£102** | **£102-£202** | **£202-£302** | |
| ਘਰ ਵਿਚ 3 ਵਿਅਕਤੀ | ਬੱਚਤ ਦੀ ਸਭਾਵਨਾ ਨਹੀਂ | ਬੱਚਤ ਦੀ ਸਭਾਵਨਾ ਨਹੀਂ | ਛਟੀਆ ਬੱਚਤਾਂ ਸਭਵ ਹਨ | **£88-£188** | |
| ਘਰ ਵਿਚ 4 ਵਿਅਕਤੀ | ਬੱਚਤ ਦੀ ਸਭਾਵਨਾ ਨਹੀਂ | ਬੱਚਤ ਦੀ ਸਭਾਵਨਾ ਨਹੀਂ | ਬੱਚਤ ਦੀ ਸਭਾਵਨਾ ਨਹੀਂ | ਛਟੀਆ ਬੱਚਤਾਂ ਸਭਵ ਹਨ | |
| ਘਰ ਵਿਚ 5 ਜਾਂ ਵੱਧ ਵਿਅਕਤੀ | ਬੱਚਤ ਦੀ ਸਭਾਵਨਾ ਨਹੀਂ | ਬੱਚਤ ਦੀ ਸਭਾਵਨਾ ਨਹੀਂ | ਬੱਚਤ ਦੀ ਸਭਾਵਨਾ ਨਹੀਂ | ਬੱਚਤ ਦੀ ਸਭਾਵਨਾ ਨਹੀਂ | |

**ਉਦਾਹਰਣ ਲਈ:**
ਦੋ ਲੋਕਾਂ ਵਾਲੇ ਘਰ, ਜਿਸਦਾ ਸਲਾਨਾ ਬਿੱਲ £500 ਆਉਂਦਾ ਹੈ, ਜੇ ਉਹਨਾਂ ਨੇ ਪਾਣੀ ਦਾ ਮੀਟਰ ਲੁਆ ਲਿਆ ਹੁੰਦਾ, ਤਾਂ ਉਹਨਾਂ ਦੇ ਸੰਭਵ ਤੌਰ ਤੇ ਲਗਭਗ £102 ਬਚ ਸਕਦੇ ਸਨ।

** ਸਲਾਨਾ ਬੱਚਤ ਔਸਤਨ ਖਪਤ ਅਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਦੇ ਅਧਾਰ ਤੇ ਹੈ (2013/2014 ਦੀਆਂ ਕੀਮਤਾਂ)।*

ਲਾਗਤ ਦੀ ਇਹ ਬੱਚਤਾਂ **ਸਿਰਫ਼ ਸੇਧ ਹਨ** ਅਤੇ ਤੁਹਾਡੇ ਪਾਣੀ ਦੀ ਵਰਤੋਂ ਤੇ ਨਿਰਭਰ ਕਰਨਗੇ। ਕਿਰਪਾ ਕਰਕੇ **unitedutilities.com/meters** ਤੇ ਜਾਓ ਅਤੇ ਹੋਰ ਸਟੀਕ ਹਿਸਾਬ-ਕਿਤਾਬ ਲਾਉਣ ਲਈ ਪਾਣੀ ਦੇ ਆੱਨਲਾਈਨ ਮੀਟਰ ਦੀ ਵਰਤੋਂ ਕਰੋ।

# ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ
## (ਇਹ ਕਾਨੂੰਨੀ ਹਿੱਸਾ ਹੈ – ਮਾਫ਼ ਕਰਨਾ, ਜੇ ਇਹ ਸਭ ਥੋੜ੍ਹਾ ਰਸਮੀ ਲਗਦਾ ਹੈ!)

ਇਹ ਹਿੱਸਾ ਤੁਹਾਨੂੰ ਤੁਹਾਡੇ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਬਾਰੇ ਤੁਹਾਡੇ ਕਾਨੂੰਨੀ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ। ਇਸ ਵਿਚ ਪਾਣੀ ਰਿਸਣ, ਘਰ ਛੱਡਣ, ਸਪਲਾਈ ਦੀਆਂ ਪਾਈਪਾਂ ਅਤੇ ਪਾਣੀ ਦਾ ਮੀਟਰ ਆਉਂਦਾ ਹੈ।

ਉਸ ਥਾਂ ਤੇ ਰਹਿਣ ਵਾਲਾ, ਲਾਗਤਾਂ ਦਾ ਦੇਣਦਾਰ ਹੈ, ਬਸ਼ਰਤੇ ਜਿਥੇ ਕੋਈ ਹੋਰ ਵਿਅਕਤੀ, ਸਾਡੇ ਨਾਲ ਜ਼ਿੰਮੇਵਾਰੀ ਪ੍ਰਵਾਨ ਕਰਨ ਲਈ ਸਹਿਮਤ ਹੋਇਆ ਹੈ, ਇਸ ਹਾਲਤ ਵਿਚ ਉਹ ਵਿਅਕਤੀ ਦੇਣਦਾਰ ਹੈ।

ਜ਼ਿਆਦਾਤਰ ਮਕਾਨ-ਮਾਲਕ ਅਤੇ ਕਿਰਾਏਦਾਰ ਦੀਆਂ ਸਥਿਤੀਆਂ ਵਿਚ, ਆਮ ਤੌਰ ਤੇ ਘਰ ਵਿਚ ਰਹਿਣ ਵਾਲੇ ਵਜੋਂ ਕਿਰਾਏਦਾਰ ਤੋਂ ਲਾਗਤਾਂ ਲਈਆਂ ਜਾਂਦੀਆਂ ਹਨ, ਨਾਕਿ ਮਕਾਨ-ਮਾਲਕ ਤੇ। ਉਹ ਮਾਮਲੇ ਜਿਹਨਾਂ ਵਿਚ ਛੋਟ ਹੈ, ਵਿਚ ਛੁੱਟੀਆਂ ਵਿਚ ਕਿਰਾਏ ਤੇ ਦੇਣਾ, ਬੈਡਸਿਟਸ, ਵਿਦਿਆਰਥੀਆਂ ਦੀ ਰਿਹਾਇਸ਼ ਜਾਂ ਹੋਰ ਥੋੜ੍ਹੀ ਮਿਆਦ ਦੀ ਰਿਹਾਇਸ਼ ਸ਼ਾਮਿਲ ਹੈ, ਜਿਥੇ ਕਿਰਾਏਦਾਰ ਆਰਜ਼ੀ ਤੌਰ ਤੇ ਰਹਿੰਦੇ ਹਨ। ਕੁਝ ਮਾਮਲਿਆਂ ਵਿਚ ਮਕਾਨ-ਮਾਲਕ ਨੂੰ ਵੀ ਰਹਿਣ ਵਾਲੇ ਵਜੋਂ ਮੰਨਿਆ ਜਾਏਗਾ।

ਲਾਗਤਾਂ ਉਥੇ ਲਾਈਆਂ ਜਾਣਗੀਆਂ, ਜਿਥੇ ਘਰਾਂ ਵਿਚ ਲੋਕ ਰਹਿੰਦੇ ਹਨ ਜਾਂ ਫ਼ਰਨਿਸ਼ਡ ਹੈ। ਦੇ ਘਰਾਂ ਵਿਚ ਲੋਕ ਨਹੀਂ ਰਹਿੰਦੇ ਜਾਂ ਫ਼ਰਨਿਸ਼ਡ ਨਹੀਂ ਹਨ, ਤਾਂ ਅਸੀਂ ਕਿਸੇ ਵੀ ਸੇਵਾਵਾਂ ਲਈ ਸਿਰਫ਼ ਉਸ ਵਿਅਕਤੀ ਤੋਂ ਲਾਗਤਾਂ ਲਵਾਂਗੇ, ਜੋ ਸੇਵਾਵਾਂ ਲੈ ਰਿਹਾ ਹੈ।

ਜਦ ਤੱਕ ਅਸੀਂ ਤੁਹਾਡੇ ਨਾਲ ਕਿਸੇ ਸਮਝੌਤੇ ਤੇ ਨਹੀਂ ਪਹੁੰਚਦੇ, ਜਦੋਂ ਤੁਹਾਨੂੰ ਬਿੱਲ ਮਿਲੇ, ਤਾਂ ਲਾਗਤਾਂ ਦਰ ਵਾਲੇ ਮੁੱਲ ਤੇ ਅਧਾਰਤ ਹਨ ਅਤੇ ਸਾਨੂੰ ਤੁਹਾਡਾ ਭੁਗਤਾਨ 14 ਦਿਨਾਂ ਦੇ ਅੰਦਰ ਮਿਲ ਜਾਣਾ ਚਾਹੀਦਾ ਹੈ।

ਅਸੀਂ ਪਾਣੀ ਦੇ ਮੀਟਰ ਰਾਹੀਂ ਲੰਘਣ ਵਾਲੇ ਸਾਰੇ ਪਾਣੀ ਦੀ ਲਾਗਤ ਲਵਾਂਗੇ, ਇਸ ਵਿਚ ਕੋਈ ਬਰਬਾਦੀ, ਨੁਕਸਾਨ ਜਾਂ ਦੁਰਵਰਤੋਂ ਸ਼ਾਮਿਲ ਹੈ। ਪਰ, ਪਹਿਲੀ ਵਾਰੀ ਤੁਹਾਡੀ ਸਪਲਾਈ ਦਾ ਪਾਈਪ ਫਟਣ ਤੇ, ਤੁਹਾਨੂੰ ਪਾਣੀ ਦੇ ਨੁਕਸਾਨ ਲਈ ਭੱਤੇ ਦਾ ਦਾਅਵਾ ਕਰਨ ਦਾ ਹੱਕ ਹੈ।

ਇਸ ਵਿਚ ਪਾਣੀ ਅਤੇ ਗੰਦੇ ਪਾਣੀ ਦੀਆਂ ਲਾਗਤਾਂ ਸ਼ਾਮਿਲ ਹੋਣਗੀਆਂ। ਤੁਹਾਨੂੰ ਸਾਡੇ ਵਲੋਂ ਤੈਅ ਕੀਤੀ ਗਈ ਸਮੇਂ ਦੀ ਕਿਸੇ ਹੱਦ ਅੰਦਰ ਪਾਣੀ ਰਿਸਣ ਦੀ ਮੁਰੰਮਤ ਜ਼ਰੂਰ ਕਰਾਉਣੀ ਚਾਹੀਦੀ ਹੈ, ਜਾਂ ਘੱਟੋ-ਘੱਟ ਦੋ ਹਫ਼ਤਿਆਂ ਦੇ ਅੰਦਰ ਅੰਦਰ। ਘਰੇਲੂ ਸੰਪਤੀਆਂ ਵਿਚ ਮੀਟਰ ਲਾਏ ਜਾਣ ਲਈ ਸਾਡਾ 'ਲੀਕੇਜ ਸਬੰਧੀ ਵਿਹਾਰ ਦਾ ਅਮਲ' ਤੁਹਾਨੂੰ ਹੋਰ ਜਾਣਕਾਰੀ ਦਿੰਦਾ ਹੈ। ਤੁਸੀਂ ਸਾਨੂੰ **0845 746 2222** ਤੇ ਕਾੱਲ ਕਰਕੇ ਜਾਂ **unitedutilities.com/bursthome** ਤੇ ਜਾਕੇ ਇੱਕ ਕਾੱਪੀ ਹਾਸਿਲ ਕਰ ਸਕਦੇ ਹੋ।

ਜੇ ਕਿਸੇ ਕਾਰਣ ਕਰਕੇ, ਅਸੀਂ ਅੰਦਾਜ਼ਾ ਨਹੀਂ ਲਾ ਸਕੇ ਕਿ ਪਾਣੀ ਦੇ ਮੀਟਰ ਰਾਹੀਂ ਕਿੰਨਾ ਪਾਣੀ ਲੰਘਿਆ ਹੈ, ਤਾਂ ਅਸੀਂ, ਤੁਹਾਡੀਆਂ ਲਾਗਤਾਂ ਤੈਅ ਕਰਨ ਲਈ ਵਰਤੇ ਗਏ ਪਾਣੀ ਦੀ ਮਿਕਦਾਰ ਦਾ ਅਨੁਮਾਨ ਲਾਵਾਂਗੇ। ਜੇ ਢੁਕਵਾਂ ਹੋਇਆ, ਤਾਂ ਅਸੀਂ ਬਾਅਦ ਵਿਚ ਇਹ ਲਾਗਤ ਠੀਕ ਕਰ ਦਿਆਂਗੇ। ਸਮੇਂ ਦੀ ਕਿਸੇ ਵੀ ਮਿਆਦ, ਜਦੋਂ ਤੁਹਾਡਾ ਮੀਟਰ ਖ਼ਰਾਬ ਹੋਵੇ, ਤਾਂ ਸਾਡਾ ਅੰਦਾਜ਼ਾ ਸਭ ਤੋਂ ਵੱਧ ਉਪਲਬਧ ਭਰੋਸੇਯੋਗ ਜਾਣਕਾਰੀ ਦੇ ਅਧਾਰ ਤੇ ਹੋਏਗਾ।

ਜੇ ਤੁਹਾਡੀ ਪਾਣੀ ਦੀ ਮਾਪ ਵਾਲੀ ਸਪਲਾਈ ਹੈ, ਤਾਂ ਤੁਸੀਂ ਪਾਣੀ ਦੀਆਂ ਸੇਵਾਵਾਂ ਵਾਲੀਆਂ ਲਾਗਤਾਂ ਦੇ ਉਦੋਂ ਤਕ ਦੇਣਦਾਰ ਹੋ, ਜਦ ਤੱਕ ਕਿ:

(i) ਤੁਸੀਂ, ਉਸ ਥਾਂ ਤੇ ਰਹਿਣਾ ਬੰਦ ਨਹੀ ਕਰ ਦਿੰਦੇ (ਜਾਂ ਹੁਣ ਉਸ ਥਾਂ ਲਈ ਪਾਣੀ ਦੀ ਸਪਲਾਈ ਨਹੀਂ ਚਾਹੁੰਦੇ ਹੋ) ਅਤੇ ਸਾਨੂੰ ਇਸ ਬਾਰੇ ਘੱਟੋ-ਘੱਟ ਦੋ ਕੰਮ ਦੇ ਦਿਨਾਂ ਦਾ ਨੋਟਿਸ ਨਹੀਂ ਦਿੰਦੇ; ਜਾਂ

(ii) ਜਿਥੇ ਪਾਣੀ ਦੇ ਮੀਟਰ ਨਾਲ, ਇੱਕ ਥਾਂ ਨਾਲੋਂ ਵੱਧ ਵਿਚ ਪਾਣੀ ਜਾਂਦਾ ਹੈ, ਤਾਂ ਜਿਸ ਵਿਅਕਤੀ ਨੇ ਲਾਗਤਾਂ ਦੇ ਭੁਗਤਾਨ ਦੀ ਜ਼ਿੰਮੇਵਾਰੀ ਪ੍ਰਵਾਨ ਕੀਤੀ ਹੈ, ਪ੍ਰਬੰਧ ਖ਼ਤਮ ਕਰਨ ਲਈ ਢੁਕਵੇਂ ਸਮੇਂ ਦਾ ਨੋਟਿਸ ਦਿੰਦਾ ਹੈ।

ਦੇ ਮਾਮਲੇ ਵਿਚ (i) ਜੇ ਤੁਸੀਂ ਨੋਟਿਸ ਨਹੀਂ ਦਿੱਤਾ, ਤਾਂ ਕਾਨੂੰਨ ਦੇ ਸੈਕਸ਼ਨ 144 ਰਾਹੀਂ ਉਪਲਬਧ ਕਰਾਏ ਗਏ ਪ੍ਰਬੰਧ ਅਨੁਸਾਰ ਮੀਟਰ ਦੀ ਅਗਲੀ ਰੀਡਿੰਗ ਤੱਕ ਲਾਗਤਾਂ ਦਾ ਭੁਗਤਾਨ ਕਰਨਾ ਪਏਗਾ।

ਤੁਹਾਡੀ ਸੰਪਤੀ ਵਿਚ ਜਾਂਦੀ ਪਾਣੀ ਦੀ ਸਪਲਾਈ ਦੀ ਪਾਈਪ ਰਾਹੀਂ ਜਾਂਦੇ ਪਾਣੀ ਲਈ ਤੁਸੀਂ ਜ਼ਿੰਮੇਵਾਰ ਹੋ। ਇਹ ਆਮ ਤੌਰ ਤੇ ਤੁਹਾਡੀ ਸੰਪਤੀ ਵਿਚਲੀ ਤੁਹਾਡੀ ਸੰਪਤੀ ਦੀ ਵਲਗਣ (ਅਕਸਰ ਬਗ਼ੀਚੇ ਦੀ ਕੰਧ) ਤੋਂ ਪਾਈਪ ਦਾ ਹਿੱਸਾ ਹੁੰਦਾ ਹੈ। ਕੁਝ ਮਾਮਲਿਆਂ ਵਿਚ, ਖ਼ਾਸ ਤੌਰ ਤੇ ਪੇਂਡੂ ਇਲਾਕਿਆਂ ਵਿਚ ਸੜਕ ਦੇ ਉਸ ਹਿੱਸੇ, ਜਿਥੇ ਸਾਡਾ ਮੁੱਖ ਪਾਈਪ ਪਿਆ ਹੁੰਦਾ ਹੈ ਅਤੇ ਤੁਹਾਡੀ ਸੰਪਤੀ ਜਾਂ ਜਿਥੇ ਸਪਲਾਈ ਦੀ ਪਾਈਪ ਕਿਸੇ ਹੋਰ ਦੀ ਜ਼ਮੀਨ ਵਿਚੋਂ ਲੰਘਦਾ ਹੈ, ਵਿਚਕਾਰ ਪਾਈਪ ਦੇ ਹੋਰ ਕੰਮ ਲਈ ਤੁਸੀਂ ਜ਼ਿੰਮੇਵਾਰ ਹੋ ਸਕਦੇ ਹੋ। ਜੇ ਆਪਣੀ ਜ਼ਿੰਮੇਵਾਰੀ ਬਾਰੇ ਤੁਹਾਨੂੰ ਕੋਈ ਸ਼ੱਕ ਹੈ, ਤਾਂ ਤੁਹਾਨੂੰ ਹੋਰ ਜਾਣਕਾਰੀ ਤੁਹਾਡੀ ਸੰਪਤੀ ਦੇ ਵਸੀਕੇ ਤੋਂ ਮਿਲ ਸਕਦੀ ਹੈ।

ਪਾਣੀ ਦਾ ਮੀਟਰ ਸਾਡੀ ਸੰਪਤੀ ਬਣਿਆ ਰਹਿੰਦਾ ਹੈ। ਇਸਦਾ ਮਤਲਬ ਹੈ ਕਿ ਅਸੀਂ ਇਸਦੀ ਸਾਂਭ-ਸੰਭਾਲ ਕਰਨ ਅਤੇ ਆਖ਼ਰਕਾਰ ਬਦਲਣ ਲਈ ਜ਼ਿੰਮੇਵਾਰ ਹਾਂ। ਇਸਨੂੰ ਅਸੀਂ ਆਪਣੇ ਖ਼ਰਚੇ ਤੇ ਕਰਾਂਗੇ, ਜਦ ਤੱਕ ਕਿ ਤੁਸੀਂ ਪਾਣੀ ਦੇ ਮੀਟਰ ਨਾਲ ਛੇੜਛਾੜ ਨਾ ਕੀਤੀ ਹੋਵੇ।

ਪਾਣੀ ਦੇ ਮੀਟਰ ਨਾਲ ਛੇੜਛਾੜ ਕਰਨਾ ਇੱਕ ਗੰਭੀਰ ਜੁਰਮ ਹੈ। ਸਾਡੀ ਮੰਜ਼ੂਰੀ ਤੋਂ ਬਿਨਾ ਤੁਹਾਨੂੰ ਪਾਣੀ ਦਾ ਮੀਟਰ ਨਹੀਂ ਹਟਾਉਣਾ ਚਾਹੀਦਾ, ਇਸਦੀ ਪਹੁੰਚ ਵਿਚ ਅੜਿਕਾ ਨਹੀਂ ਡਾਹੁਣਾ ਚਾਹੀਦਾ ਜਾਂ ਕੋਈ ਕੰਮ ਨਹੀਂ ਕਰਨਾ ਚਾਹੀਦਾ। ਅਸੀਂ ਜ਼ਿੰਮੇਵਾਰ ਵਿਅਕਤੀ ਤੋਂ ਕਿਸੇ ਖ਼ਰਚੇ, ਗੁੰਮਣ ਜਾਂ ਨੁਕਸਾਨ ਦੀਆਂ ਲਾਗਤਾਂ ਦੀ ਵਸੂਲੀ ਕਰਾਂਗੇ।

ਕਦੀ-ਕਦਾਈਂ ਸਾਨੂੰ ਤੁਹਾਡੇ ਮੀਟਰ ਨੂੰ ਜਾਂਚਣ ਦੀ ਲੋੜ ਪੈ ਸਕਦੀ ਹੈ, ਜਾਂ ਜੇ ਤੁਸੀਂ ਸਾਨੂੰ ਇੰਜ ਕਰਨ ਲਈ ਕਹੋ, ਤਾਂ ਅਸੀਂ ਇਸਦੀ ਜਾਂਚ ਜ਼ਰੂਰ ਕਰ ਸਕਦੇ ਹਾਂ। ਜੇ ਤੁਸੀਂ ਸਾਨੂੰ ਪਾਣੀ ਦੇ ਮੀਟਰ ਦੀ ਜਾਂਚ ਕਰਨ ਲਈ ਕਹਿੰਦੇ ਹੋ, ਅਤੇ ਇਹ ਖ਼ਰਾਬ ਨਹੀਂ ਹੈ, ਤਾਂ ਤੁਹਾਨੂੰ ਇਸ ਜਾਂਚ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਹੋਰ ਜਾਣਕਾਰੀ ਲਈ **0845 303 7711** ਤੇ ਸਾਡੀ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਤੇ ਕਾੱਲ ਕਰੋ ਅਤੇ ਸਾਡੀ ਤੱਥਸ਼ੀਟ 'ਘਰ ਦੇ ਪਾਣੀ ਦੇ ਮੀਟਰਾਂ ਦੀ ਟੈਸਟਿੰਗ ਕਰਨੀ' ਲਈ ਪੁੱਛੋ।

ਤੁਹਾਡੇ ਕੋਲ ਟ੍ਰੇਡਿੰਗ ਸਟੈਂਡਰਡਸ ਅਫ਼ਸਰ ਤੋਂ ਪਾਣੀ ਦਾ ਮੀਟਰ ਜਾਂਚ ਕਰਾਉਣ ਦਾ ਵਿਕਲਪ ਵੀ ਹੈ। ਜੇ ਤੁਸੀਂ ਇੰਜ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਸਿੱਧਿਆਂ ਆਪਣੇ ਸਥਾਨਕ ਟ੍ਰੇਡਿੰਗ ਸਟੈਂਡਰਡਸ ਮਹਿਕਮੇ ਨਾਲ ਸੰਪਰਕ ਕਰਨਾ ਚਾਹੀਦਾ ਹੈ।

United Utilities
helping life flow smoothly

### ਸਾਡੇ ਬਾਰੇ

ਯੂਨਾਇਟਿਡ ਯੂਟੀਲੀਟਿਜ਼ ਨਾੱਰਥ ਵੈਸਟ ਦੀ ਪਾਣੀ ਦੀ ਕੰਪਨੀ ਹੈ। ਅਸੀਂ ਰੋਜ਼ ਸੱਤਰ ਲੱਖ ਗਾਹਕਾਂ ਨੂੰ ਟੂਟੀਆਂ ਵਿਚੋਂ ਪਾਣੀ ਆਉਣ ਅਤੇ ਟਾੱਇਲਟਾਂ ਨੂੰ ਫ਼ਲਸ਼ ਕਰਨ ਜੋਗਾ ਪਾਣੀ ਮੁਹਈਆ ਕਰਦੇ ਹਾਂ। ਕ੍ਰੀਵ ਤੋਂ ਕਾਰਲਿਸਲੇ ਤੱਕ, ਅਸੀਂ ਤੁਹਾਡੀ ਜ਼ਿੰਦਗੀ ਨੂੰ ਨਿਰਵਿਘਨ ਤਰੀਕੇ ਨਾਲ ਚਲਾਈ ਰਖਣ ਲਈ ਪਿੱਛੇ ਰਹਿਕੇ ਸਖ਼ਤ ਮਿਹਨਤ ਕਰਦੇ ਹਾਂ।

United Utilities Water PLC , Haweswater House, Lingley Mere Business Park, Lingley Green Avenue, Warrington WA5 3LP.
ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ। ਰਜਿਸਟਰਡ ਨੰਬਰ 2366678.

01/13/SD/4959c

# ਪਾਣੀ ਦ ਮੀਟਰ ਲਈ ਅਰਜ਼ੀ

**ਸਮਾਂ ਬਚਾਓ  unitedutilities.com/meters ਤ ਆੱਨਲਾਈਨ ਅਰਜ਼ੀ ਦਿਓ**

**ਇਸ ਤ ਅਲਾਵਾ, ਅਰਜ਼ੀ ਫ਼ਾਰਮ ਭਰ ਅਤ ਇਥ ਵਾਪਸ ਭਜ:**
United Utilities, PO Box 246, Warrington, WA55 1EA

United Utilities
helping life flow smoothly

| | |
|---|---|
| ਸ੍ਰੀ/ਸ੍ਰੀਮਤੀ/ਕੁਮਾਰੀ/ਮਿਸ | |
| ਨਾਂ | |
| ਪਤਾ | |
| | |
| | |
| ਪੋਸਟਕੋਡ | |
| ਘਰ ਦਾ ਟੈਲੀਫੋਨ ਨੰਬਰ | |
| ਮੋਬਾਈਲ ਦਾ ਟੈਲੀਫੋਨ ਨੰਬਰ | |
| ਚਿੱਠੀ-ਪੱਤਰੀ ਲਈ ਪਤਾ, ਜੇ ਉਪਰਲੇ ਤੋਂ ਵੱਖਰਾ ਹੈ | |
| | |
| | |
| ਪੋਸਟਕੋਡ | |
| ਜਨਮ-ਤਾਰੀਖ਼ | |
| ਗਾਹਕ ਦਾ ਖਾਤਾ ਨੰਬਰ *(ਤੁਹਾਡੇ ਬਿੱਲ ਦੇ ਸਭ ਤੋਂ ਉਪਰ ਦਿੱਤਾ ਗਿਆ ਹੈ)* | |
| ਸੰਪਤੀ ਦੀ ਕਿਸਮ | ☐ ਡਿਟੈਚਡ ☐ ਟੈਰੇਸ ਵਾਲੀ ☐ ਸੈਮੀ-ਡਿਟੈਚਡ ☐ ਫ਼ਲੈਟ |
| ਰਿਹਾਇਸ਼ੀ ਦਰਜਾ | ☐ ਮਾਲਕ/ਰਹਿਣ ਵਾਲਾ ☐ ਕਿਰਾਏਦਾਰ |
| ਇਸ ਪਤੇ ਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ | |
| ਜੇ ਤੁਸੀਂ ਕਿਰਾਏਦਾਰ ਹੋ, ਤਾਂ ਕਿਰਪਾ ਕਰਕੇ ਆਪਣੇ ਮਕਾਨ-ਮਾਲਕ ਦਾ ਨਾਂ ਅਤੇ ਪਤਾ ਦਿਓ (ਜੇ ਤੁਸੀਂ ਪਨਾਹ ਵਾਲੀ ਰਿਹਾਇਸ਼ ਵਿਚ ਵਸਨੀਕ ਹੋ, ਤਾਂ ਕਿਰਪਾ ਕਰਕੇ ਹਾਉਸਿੰਗ ਐਸੋਸੀਏਸ਼ਨ ਦੇ ਵੇਰਵੇ ਉਪਲਬਧ ਕਰਾਓ): | |
| ਨਾਂ | |
| ਪਤਾ | |
| ਟੈਲੀਫੋਨ | |
| ਕੀ ਤੁਹਾਡੀ ਸੰਪਤੀ ਦੀ ਸਾਂਝੀ ਸਪਲਾਈ ਤੱਕ ਪਹੁੰਚ ਹੈ (ਉਦਾਹਰਣ ਲਈ, ਸਾਂਝੀ ਲਾਂਡਰੀ ਸਹੂਲਤ ਜਾਂ ਸਾਂਝਾ ਗਰਮ ਪਾਣੀ)? | ☐ ਹਾਂ ☐ ਨਹੀਂ |
| ਕੀ ਤੁਹਾਡਾ 6 ਮਹੀਨਿਆਂ ਤੋਂ ਘੱਟ ਦਾ ਨਿਰਧਾਰਤ ਮਿਆਦ ਦੀ ਕਿਰਾਏਦਾਰੀ ਸਬੰਧੀ ਇਕਰਾਰਨਾਮਾ ਹੈ? | ☐ ਹਾਂ ☐ ਨਹੀਂ |
| ਅਰਜ਼ੀ ਦੇਣ ਤੋਂ ਪਹਿਲਾਂ ਤੁਹਾਨੂੰ ਆਪਣੇ ਮਕਾਨ-ਮਾਲਕ ਤੋਂ ਆਗਿਆ ਜ਼ਰੂਰ ਲੈਣੀ ਚਾਹੀਦੀ ਹੈ। ਕਿਰਪਾ ਕਰਕੇ ਪੁਸ਼ਟੀ ਕਰਨ ਲਈ ਇਸ ਖਾਨੇ ਤੇ ਸਹੀ ਦਾ ਨਿਸ਼ਾਨ ਲਾਓ ਕਿ ਆਪਣੀ ਸੰਪਤੀ ਵਿਚ ਮੀਟਰ ਲੁਆਉਣ ਲਈ ਤੁਸੀਂ ਆਪਣੇ ਮਕਾਨ-ਮਾਲਕ ਤੋਂ ਆਗਿਆ ਲੈ ਲਈ ਹੈ। | ☐ |
| ਮੈਂ ਪਾਣੀ ਦਾ ਮੀਟਰ ਲੁਆਉਣਾ ਚਾਹੁੰਦਾ ਹੈ ਅਤੇ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਪਾਣੀ ਦਾ ਮੀਟਰ ਲੁਆਉਣ ਸਬੰਧੀ ਸ਼ਰਤਾਂ ਸਮਝ ਲਈਆਂ ਹਨ। ਸਰਵੇਖਣ ਦਾ ਪ੍ਰਬੰਧ ਕਰਨ ਲਈ ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ। | |
| ਦਸਤਖ਼ਤ | |
| ਤਾਰੀਖ਼ | |
| ਕਿਰਪਾ ਕਰਕੇ ਦੱਸੋ ਕਿ ਆਪਣੇ ਲਈ ਇਕ ਸਰਵੇਖਣ ਦਾ ਪ੍ਰਬੰਧ ਕਰਨ ਲਈ ਤੁਸੀਂ, ਸਾਡੇ ਤੋਂ ਕਿਵੇਂ ਦਾ ਸੰਪਰਕ ਚਾਹੁੰਦੇ ਹੋ। | ☐ ਪੱਤਰ ☐ ਘਰ ਦਾ ਨੰਬਰ ☐ ਮੋਬਾਈਲ |
| ਜੇ ਤੁਸੀਂ ਟੈਲੀਫੋਨ ਬਾਰੇ ਦੱਸਿਆ ਹੈ, ਤਾਂ ਤੁਸੀਂ ਕਿਸ ਸਮੇਂ ਨੂੰ ਤਰਜੀਹ ਦਿਓਗੇ, ਜਿਸ ਵੇਲੇ ਅਸੀਂ ਸਰਵੇਖਣ ਦਾ ਪ੍ਰਬੰਧ ਕਰਨ ਲਈ ਤੁਹਾਨੂੰ ਫੋਨ ਕਰ ਸਕੀਏ? | |
| ਕੀ ਤੁਸੀਂ ਸਰਵੇਖਣ ਲਈ ਸਵੇਰੇ ਜਾਂ ਸ਼ਾਮ ਦੇ ਸਮੇਂ ਨੂੰ ਤਰਜੀਹ ਦਿਓਗੇ? | ☐ ਸਵੇਰੇ ☐ ਸ਼ਾਮੀਂ |

03/12/SD/4959b